SUN 20 JUNE 2021 | VOLUME: 01 / ISSUE: 208 / PAGES: 04 / PRICE: 5:00 INR

www.worldpunjabinews.com



World Punjabi News Network

WORLD PUNJABI ਪੰਜਾਬੀ | ਪੰਜਾਬੀ NEWS

ਲੋਕ ਹਿੱਤ ਵਿੱਚ ਪੱਤਰਕਾਰੀ

@worldpunjabinews
@worldpunjabinewstv
@wpunjabinews
@worldpunjabinews
@worldpunjabinews



# ਸੰਯੁਕਤ ਕਿਸਾਨ ਮੋਰਚੇ ਦਾ ਵਫ਼ਦ ਪੁਲੀਸ ਅਧਿਕਾਰੀਆਂ ਨੂੰ ਮਿਲਿਆ



ਨਵੀਂ ਦਿੱਲੀ। ਕਾਸਰ ਪਿੰਡ ਦੇ ਮੁਕੇਸ਼ ਦੀ ਮੌਤ ਦੇ ਮਾਮਲੇ ’ਚ ਟਿਕਰੀ ਬਾਰਡਰ ’ਤੇ ਕਿਸਾਨ ਯੂਨੀਅਨਾਂ ਵੱਲੋਂ ਬਣਾਈ ਗਈ ਇੱਕ ਕਮੇਟੀ ਅੱਜ ਝੱਜਰ ਜ਼ਿਲ੍ਹੇ ਦੇ ਐੱਸਪੀ ਰਾਜੇਸ਼ ਦੁੱਗਲ ਨੂੰ ਮਿਲੀ। ਕਿਸਾਨ ਆਗੂ ਰਮਿੰਦਰ ਸਿੰਘ ਪਟਿਆਲਾ ਨੇ ਦੱਸਿਆ ਕਿ ਪੁਲੀਸ ਅਧਿਕਾਰੀ ਨੇ ਮਾਮਲੇ ਦੀ ਨਿਰਪੱਖ ਜਾਂਚ ਲਈ ਵਿਸ਼ੇਸ਼ ਜਾਂਚ ਟੀਮ ਬਣਾਉਣ ਅਤੇ ਜਾਂਚ ਮੁਕੰਮਲ ਹੋਣ ਤੱਕ ਹੋਰ ਗ੍ਰਿਫ਼ਤਾਰੀ ਨਾ ਕਰਨ ਦਾ ਭਰੋਸਾ ਦਿੱਤਾ ਹੈ। ਕਮੇਟੀ ਮੈਂਬਰਾਂ ਵਿੱਚ ਵਿਕਾਸ, ਜੋਗਿੰਦਰ ਨੈਨ, ਮਨਜੀਤ ਸਿੰਘ ਧਨੇਰ, ਤੇਜਿੰਦਰ ਸਿੰਘ ਅਤੇ ਹੋਰ ਆਗੂ ਸ਼ਾਮਲ ਸਨ। ਘਟਨਾ ਦੇ ਤੱਥ ਵੀਡੀਓ ਕਲਿੱਪਾਂ ਨਾਲ ਪੁਲੀਸ ਅਧਿਕਾਰੀ ਨਾਲ ਸਾਂਝੇ ਕੀਤੇ ਗਏ ਜਿੱਥੇ ਪੀੜਤ ਨੂੰ ਇਹ ਕਹਿੰਦੇ ਸੁਣਿਆ ਗਿਆ ਕਿ ਉਸ ਨੇ ਆਪਣੇ ਆਪ ਨੂੰ ਅੱਗ ਲਗਾਈ ਹੈ ਅਤੇ ਪ੍ਰਦਰਸ਼ਨਕਾਰੀਆਂ ਨੇ ਹੀ ਅਸਲ ਵਿੱਚ ਉਸ ਦੀ ਜਾਨ ਬਚਾਉਣ ਦੀ ਕੋਸ਼ਿਸ਼ ਕੀਤੀ ਸੀ। ਕਮੇਟੀ ਮੈਂਬਰਾਂ ਨੇ ਪ੍ਰਸ਼ਾਸਨ ਨੂੰ ਬੇਨਤੀ ਕੀਤੀ ਹੈ ਕਿ ਇਸ ਕੇਸ ਵਿੱਚ ਗ੍ਰਿਫ਼ਤਾਰ ਕੀਤੇ ਗਏ ਨਿਰਦੋਸ਼ ਲੋਕਾਂ ਨੂੰ ਰਿਹਾਅ ਕੀਤਾ ਜਾਵੇ।

# ‘ਉੱਡਣੇ ਸਿੱਖ’ ਨੂੰ ਨਮ ਅੱਖਾਂ ਨਾਲ ਵਿਦਾਇਗੀ

**ਚੰਡੀਗੜ੍ਹ।** ‘ਉੱਡਣਾ ਸਿੱਖ’ ਵਜੋਂ ਮਕਬੂਲ ਮਹਾਨ ਅਥਲੀਟ ਮਿਲਖਾ ਸਿੰਘ ਨੂੰ ਅੱਜ ਨਮ ਅੱਖਾਂ ਨਾਲ ਅੰਤਿਮ ਵਿਦਾਇਗੀ ਦਿੱਤੀ ਗਈ। ਮਿਲਖਾ ਸਿੰਘ ਦਾ ਇੱਥੇ ਸਰਕਾਰੀ ਸਨਮਾਨਾਂ ਨਾਲ ਅੰਤਿਮ ਸੰਸਕਾਰ ਕੀਤਾ ਗਿਆ। ਇਹ ਮਹਾਨ ਫਰਾਟਾ ਦੌੜਾਕ ਪਿਛਲੇ ਕੁਝ ਦਿਨਾਂ ਤੋਂ ਕਰੋਨਾਵਾਇਰਸ ਤੇ ਇਸ ਤੋਂ ਬਾਅਦ ਪੈਦਾ ਹੋਏ ਹੋਰਨਾਂ ਸਰੀਰਕ ਵਿਗਾੜਾਂ ਨਾਲ ਲੜ ਰਿਹਾ ਸੀ। ਮਿਲਖਾ ਸਿੰਘ ਨੇ ਸ਼ੁੱਕਰਵਾਰ ਰਾਤ 11:30 ਵਜੇ ਦੇ ਕਰੀਬ ਪੀਜੀਆਈ ਵਿੱਚ ਆਖਰੀ ਸਾਹ ਲਏ। ਮਿਲਖਾ ਸਿੰਘ ਦੀ ਦੇਹ ਨੂੰ ਅੱਜ ਪਹਿਲਾਂ ਪੀਜੀਆਈ ਤੋਂ ਉਨ੍ਹਾਂ ਦੇ ਘਰ ਲਿਆਂਦਾ ਗਿਆ। ਉਸ ਮਗਰੋਂ ਫੁੱਲਾਂ ਨਾਲ ਸਜਾਏ ਵਾਹਨ ਵਿਚ ਮ੍ਰਿਤਕ ਦੇਹ ਨੂੰ ਇੱਥੋਂ ਦੇ ਸੈਕਟਰ 25 ਦੇ ਸ਼ਮਸ਼ਾਨ ਘਾਟ ਪਹੁੰਚਾਇਆ ਗਿਆ। ਸਸਕਾਰ ਮੌਕੇ ਸਿਆਸੀ ਅਤੇ ਖੇਡ ਜਗਤ ਦੀਆਂ ਹਸਤੀਆਂ ਹਾਜ਼ਰ ਸਨ।

ਪੰਜਾਬ ਪੁਲੀਸ ਦੀ 13ਵੀਂ ਬਟਾਲੀਅਨ ਦੇ ਕਮਾਂਡੈਂਟ ਜਤਿੰਦਰ ਸਿੰਘ ਖਹਿਰਾ ਤੇ ਡੀਐੱਸਪੀ ਸ਼ਾਮ ਸੁੰਦਰ, ਸੀਆਰਪੀਐੱਫ ਤੇ ਚੰਡੀਗੜ੍ਹ ਪੁਲੀਸ ਦੀ ਟੁਕੜੀ ਨੇ ਇੰਸਪੈਕਟਰ ਦਿਆ ਰਾਮ ਦੀ ਅਗਵਾਈ ਹੇਠ ਦੋ ਰਾਊਂਡ ਫਾਇਰ ਕਰ ਕੇ ਵਿੱਛੜੀ



ਰੂਹ ਨੂੰ ਸ਼ਰਧਾਂਜਲੀ ਦਿੱਤੀ। ਪੰਜਾਬ ਦੇ ਰਾਜਪਾਲ ਵੀ.ਪੀ.ਸਿੰਘ ਬਦਨੌਰ ਤੇ ਕੇਂਦਰੀ ਖੇਡ ਰਾਜ ਮੰਤਰੀ ਕਿਰਨ ਰਿਜੀਜੂ ਸਸਕਾਰ ਮੌਕੇ ਹਾਜ਼ਰ ਸਨ ਅਤੇ ਉਨ੍ਹਾਂ ਫੁੱਲ ਮਾਲਾਵਾਂ ਰੱਖ ਕੇ ਵਿੱਛੜੀ ਰੂਹ ਨੂੰ ਸ਼ਰਧਾਂਜਲੀ ਭੇਟ ਕੀਤੀ। ਰਾਜਪਾਲ ਬਦਨੌਰ ਨੇ ਮਹਾਨ ਅਥਲੀਟ ਮਿਲਖਾ ਸਿੰਘ ਦੇ ਦੇਹਾਂਤ ਉਤੇ ਡੂੰਘਾ ਦੁੱਖ ਜ਼ਾਹਿਰ ਕੀਤਾ। ਰਾਜਪਾਲ ਨੇ ਆਪਣੇ ਸ਼ੋਕ ਸੁਨ-ੇਹੇ ਵਿੱਚ ਕਿਹਾ ਕਿ ਉਨ੍ਹਾਂ ਨੂੰ ਭਾਰਤ ਲਈ ਵੱਖ-ਵੱਖ ਕੌਮੀ ਅਤੇ ਕੌਮਾਂਤਰੀ ਮੁਕਾਬਲਿਆਂ ਵਿੱਚ ਕਈ ਸੋਨ ਤਗਮੇ ਜਿੱਤਣ ਵਾਲੇ ‘ਉਡਣਾ ਸਿੱਖ’ ਮਿਲਖਾ ਸਿੰਘ ਦੀ ਮੌਤ ਬਾਰੇ ਜਾਣ ਕੇ ਬਹੁਤ ਦੁੱਖ ਪਹੁੰਚਿਆ ਹੈ। ਉਨ੍ਹਾਂ ਕਿਹਾ ਕਿ ਪਦਮ ਸ੍ਰੀ ਮਿਲਖਾ ਸਿੰਘ ਨੇ ਖੇਡਾਂ ਦੇ ਖੇਤਰ ਵਿੱਚ ਵਿਸ਼ਵ ਪੱਧਰ ’ਤੇ ਅਮਿੱਟ ਪੈੜਾਂ ਛੱਡੀਆਂ ਹਨ। ਉਹ ਹਮੇਸ਼ਾ ਨਵੀਂ ਪੀੜ੍ਹੀ ਲਈ ਪ੍ਰੇਰਨਾ ਸਰੋਤ ਬਣੇ ਰਹਿਣਗੇ। ਉਨ੍ਹਾਂ ਦੀ ਮੌਤ ਕਾਰਨ ਪੈਦਾ ਹੋਏ ਖ਼ਲਾਅ ਨੂੰ ਭਰਿਆ ਨਹੀਂ ਜਾ ਸਕਦਾ। ਬਦਨੌਰ ਨੇ ਦੁਖੀ ਪਰਿਵਾਰ, ਰਿਸ਼ਤੇਦਾਰਾਂ, ਮਿੱਤਰਾਂ ਅਤੇ ਪ੍ਰਸੰਸਕਾਂ ਨਾਲ ਦਿਲੀ ਹਮਦਰਦੀ ਸਾਂਝੀ ਕੀਤੀ। ਸਸਕਾਰ ਮੌਕੇ ਪੰਜਾਬ ਦੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ, ਹਰਿਆਣਾ ਦੇ ਖੇਡ ਮੰਤਰੀ ਸੰਦੀਪ ਸਿੰਘ, ਗੁਰਪ੍ਰੀਤ ਸਿੰਘ ਜੀ.ਪੀ. ਅਤੇ ਕਾਕਾ ਰਣਦੀਪ ਸਿੰਘ ਨਾਭਾ (ਦੋਵੇਂ ਵਿਧਾਇਕਾਂ) ਨੇ ਹਾਜ਼ਰ ਹੋ ਕੇ ਵਿਛੜੇ ਨਾਇਕ ਨੂੰ ਅੰਤਿਮ ਸ਼ਰਧਾਂਜਲੀ ਭੇਟ ਕੀਤੀ। ਅੰਤਿਮ ਰਸਮਾਂ ਮੌਕੇ ਪੰਜਾਬ ਲੋਕ ਸੰਪਰਕ ਵਿਭਾਗ ਦੇ ਡਾਇਰੈਕਟਰ ਅਨਿੰਦਿਤਾ ਮਿੱਤਰਾ, ਡੀ.ਸੀ. ਚੰਡੀਗੜ੍ਹ ਮਨਦੀਪ ਸਿੰਘ ਬਰਾੜ ਤੇ ਐਸ.ਐਸ.ਪੀ. ਚੰਡੀਗੜ੍ਹ ਕੁਲਦੀਪ ਸਿੰਘ ਚਾਹਲ ਵੀ ਹਾਜ਼ਰ ਸਨ। ਇਸ ਦੌਰਾਨ ਪੰਜਾਬ ਦੇ ਖੇਡ ਮੰਤਰੀ ਰਾਣਾ ਗੁਰਮੀਤ ਸਿੰਘ ਸੋਢੀ, ਕੈਬਨਿਟ ਮੰਤਰੀ ਓ.ਪੀ. ਸੋਨੀ, ਪੀ.ਜੀ.ਆਈ ਦੇ ਡਾਇਰੈਕਟਰ ਪ੍ਰੋ.ਜਗਤ ਰਾਮ ਅਤੇ ਪੰਜਾਬ ਯੂਨੀਵਰਸਿਟੀ ਦੇ ਉਪ ਕੁਲਪਤੀ ਪ੍ਰੋ. ਰਾਜ ਕੁਮਾਰ ਨੇ ਵੀ ਡੂੰਘਾ ਅਫਸੋਸ ਜ਼ਾਹਰ ਕੀਤਾ ਹੈ।

# ਬਡਰੁੱਖਾਂ ਵਿੱਚ ਲੱਗੇਗਾ ਸ਼ੇਰ-ਏ-ਪੰਜਾਬ ਦਾ ਬੁੱਤ

**ਸੰਗਰੂਰ।** ਮਹਾਰਾਜਾ ਰਣਜੀਤ ਸਿੰਘ ਦੇ ਨਾਨਕੇ ਪਿੰਡ ਅਤੇ ਜਨਮ ਸਥਾਨ ਪਿੰਡ ਬਡਰੁੱਖਾਂ ਵਿੱਚ ਸ਼ੇਰ-ਏ-ਪੰਜਾਬ ਦਾ ਬੁੱਤ ਲਗਾਉਣ ਅਤੇ ਪਾਰਕ ਦੀ ਸਥਾਪਨਾ ਲਈ ਪੰਜਾਬ ਸਰਕਾਰ ਵੱਲੋਂ 99.11 ਲੱਖ ਰੁਪਏ ਮਨਜ਼ੂਰ ਕੀਤੇ ਹਨ, ਜਿਸ ਨਾਲ ਪਿਛਲੇ ਕਰੀਬ ਦੋ ਦਹਾਕਿਆਂ ਤੋਂ ਵੱਧ ਸਮੇਂ ਤੋਂ ਪਿੰਡ ਵਾਸੀਆਂ ਦੀ ਲਟਕਦੀ ਆ ਰਹੀ ਮੰਗ ਪੂਰੀ ਹੋਵੇਗੀ। ਸਕੂਲ ਸਿੱਖਿਆ ਤੇ ਲੋਕ ਨਿਰਮ-ਾਣ ਮੰਤਰੀ ਵਿਜੈਇੰਦਰ ਸਿੰਗਲਾ ਨੇ ਦੱਸਿਆ ਕਿ ਵਿੱਤ ਵਿਭਾਗ ਵੱਲੋਂ ਮਨਜ਼ੂਰੀ ਮਿਲਣ ਤੋਂ ਬਾਅਦ ਮਹਾਰਾਜਾ ਰਣਜੀਤ ਸਿੰਘ ਦੇ ਜਨਮ ਸਥਾਨ ਦਾ ਮਾਣ ਪ੍ਰਾਪਤ ਪਿੰਡ ਬਡਰੁੱਖਾਂ ਦੇ ਪਾਰਕ ਵਿੱਚ ਨਵਾਂ ਬੁੱਤ ਲਗਾਉਣ ਦਾ ਕੰਮ ਜਲਦੀ ਸ਼ੁਰੂ ਕਰਵਾ ਦਿੱਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਨਵੇਂ ਬੁੱਤ ਦੇ ਨਾਲ ਪਾਰਕ ਵੀ ਨਵੇਂ ਸਿਰੇ ਤੋਂ ਤਿਆਰ ਕਰਵਾਇਆ ਜਾਵੇਗਾ, ਜਿਸ ’ਚ ਦੇਸੀ ਕਿਸਮ ਦੇ ਬੂਟੇ ਲਗਾਉਣ ਤੋਂ ਇਲਾਵਾ ਸੈਰਗਾਹ ਅਤੇ ਬੱਚਿਆਂ ਦੇ ਖੇਡਣ ਅਤੇ ਸਿੱਖਣ ਲਈ ਵੱਖੋ-ਵੱਖਰੀਆਂ ਸਹੂਲਤਾਂ ਮੁਹੱਈਆ ਕਰਵਾਈਆਂ ਜਾਣਗੀਆਂ। ਪਿੰਡ ਬਡਰੁੱਖਾਂ ਦੇ ਸਰਪੰਚ ਕੁਲਜੀਤ ਸਿੰਘ ਤੂਰ ਨੇ ਕਿਹਾ ਕਿ ਪਿੰਡ ਵਾਸੀ ਪਿਛਲੇ 24 ਸਾਲਾਂ ਤੋਂ ਮਹਾਰਾਜਾ ਰਣਜੀਤ ਸਿੰਘ ਦਾ ਬੁੱਤ ਸਥਾਪਤ ਹੋਣ ਦੀ ਉਡੀਕ ਕਰ ਰਹੇ ਸਨ ਕਿਉਂਕਿ ਸੰਨ 1997 ’ਚ ਤਤਕਾਲੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਸ਼ੇਰ-ਏ-ਪੰਜਾਬ ਦਾ



ਬੁੱਤ ਸਥਾਪਤ ਕਰਨ ਦਾ ਐਲਾਨ ਕੀਤਾ ਸੀ, ਜਿਸ ਮਗਰੋਂ ਇਹ ਵਾਅਦਾ ਕਈ ਵਾਰ ਦੁਹਰਾਇਆ ਵੀ ਗਿਆ ਪਰ ਕੈਬਨਿਟ ਮੰਤਰੀ ਵਿਜੈਇੰਦਰ ਸਿੰਗਲਾ ਦੇ ਯਤਨਾਂ ਸਦਕਾ 99.11 ਲੱਖ ਰੁਪਏ ਦੀ ਗਰਾਂਟ ਮਨਜ਼ੂਰ ਹੋਈ ਹੈ। ਸਿੰਗਲਾ ਨੇ ਭਰੋਸਾ ਦਿੱਤਾ ਹੈ ਕਿ ਜਲਦੀ ਹੀ ਕੰਮ ਸ਼ੁਰੂ ਕਰਵਾ ਦਿੱਤਾ ਜਾਵੇਗਾ।

OUR PARTNERS IN PROMOTION
WORLD PUNJABI NEWS NETWORK

whitecloud.in WHITECLOUD INTERNATIONAL
WEB PRESENCE PROVIDER


SmartBrainz EXPLORE. CHOOSE. BUY.
TECHNOLOGY PROVIDER

WORLD NEWS PUNJABI NETWORK
NEWS & MEDIA PARTNER

ADVERTISE WITH US
+91 98155 88388
worldpunjabinews@gmail.com

# ਕਿਵੇਂ ਬਣਿਆ ਮਿਲਖਾ ਸਿੰਘ 'ਫਲਾਈਂਗ ਸਿੱਖ'

**ਮਹਾਨ ਅਥਲੀਟ ਮਿਲਖਾ ਸਿੰਘ ਜੀ ਦਾ ਪਿਛਲੇ ਦਿਨੀਂ ਚੰਡੀਗੜ੍ਹ ਦਾ ਪੀਜੀਆਈ ਚੰਡੀਗੜ੍ਹ ਵਿੱਚ ਦੇਹਾਂਤ ਹੋ ਗਿਆ। ਪ੍ਰਿੰਸੀਪਲ ਸਰਵਣ ਸਿੰਘ ਵਲੋਂ ਉਹਨਾਂ ਦੀ ਜ਼ਿੰਦਗੀ ਬਾਰੇ ਲਿਖੀ ਕਿਤਾਬ 'ਮਿਲਖਾ ਸਿੰਘ ਦੀ ਦੌੜ' ਵਿੱਚੋਂ ਕੁਝ ਅੰਸ਼ ਛਾਪਣ ਵਿੱਚ ਮਾਣ ਮਹਿਸੂਸ ਕਰਦੇ ਹੋਏ ਉਸ ਮਹਾਨ ਖਿਡਾਰੀ ਨੂੰ ਸ਼ਰਧਾਂਜਲੀ ਭੇਂਟ ਕਰਦੇ ਹਾਂ।**



ਮਿਲਖਾ ਸਿੰਘ ਨੂੰ 'ਫਲਾਈਂਗ ਸਿੱਖ' ਦਾ ਖ਼ਿਤਾਬ ਮਿਲਣ ਤੋਂ ਅੱਧੀ ਸਦੀ ਪਿੱਛੋਂ 'ਭਾਗ ਮਿਲਖਾ ਭਾਗ' ਫਿਲਮ ਨੇ ਉਹਦਾ ਨਾਂ ਹੋਰ ਵੀ ਚਮਕਾ ਦਿੱਤਾ। ਉਸ ਦੀਆਂ ਘਰ-ਘਰ ਗੱਲਾਂ ਹੋਣ ਲੱਗ ਪਈਆਂ ਸਨ। ਫਿਲਮ ਦਾ ਹੀਰੋ ਭਾਵੇਂ ਅਦਾਕਾਰ ਫਰਹਾਨ ਅਖ਼ਤਰ ਸੀ ਪਰ ਉਸ ਦਾ ਅਸਲੀ ਨਾਇਕ ਉੱਡਣਾ ਦੌੜਾਕ ਮਿਲਖਾ ਸਿੰਘ ਸੀ ਜੋ ਜਿਉਂਦੇ ਜੀਅ ਮਿੱਥ ਬਣ ਗਿਆ। ਹਿੰਦ ਮਹਾਂਦੀਪ ਦਾ ਲੀਜੈਂਡਰੀ ਦੌੜਾਕ! 'ਫਲਾਈਂਗ ਸਿੱਖ' ਦਾ ਖ਼ਿਤਾਬ ਉਸ ਨੂੰ ਮਾਰਚ 1960 ਵਿਚ ਲਾਹੌਰ ਦੇ ਸਟੇਡੀਅਮ ਵਿਚ ਮਿਲਿਆ ਸੀ। 200 ਮੀਟਰ ਦੀ ਦੌੜ ਜਿੱਤਣ ਪਿੱਛੋਂ ਜਦੋਂ ਮਿਲਖਾ ਸਿੰਘ ਨੇ ਜੇਤੂ ਗੇੜੀ ਲਾਈ ਤਾਂ ਅਨਾਊਂਸਰ ਨੇ ਕਿਹਾ ਸੀ, "ਮਿਲਖਾ ਸਿੰਘ ਦੌੜਿਆ ਨਹੀਂ, ਉਡਿਆ ਹੈ!"

ਫਿਰ ਪਾਕਿਸਤਾਨ ਦੇ ਪ੍ਰੈਜ਼ੀਡੈਂਟ ਜਨਰਲ ਅਯੂਬ ਖਾਂ ਨੇ ਮਿਲਖਾ ਸਿੰਘ ਨੂੰ ਮੈਡਲ ਪਹਿਨਾਉਂਦਿਆਂ ਪੰਜਾਬੀ ਵਿਚ ਕਿਹਾ ਸੀ, "ਮਿਲਖਾ ਸਿੰਘ ਜੀ, ਤੁਸੀਂ ਦੌੜੇ ਨਹੀਂ, ਵਾਕਿਆ ਈ ਉੱਡੇ ਓ। ਅਸੀਂ ਤੁਹਾਨੂੰ 'ਫਲਾਈਂਗ ਸਿੱਖ' ਦਾ ਖ਼ਿਤਾਬ ਦੇਨੇ ਆਂ।"

ਜਿਵੇਂ ਧਿਆਨ ਚੰਦ ਨੂੰ 'ਹਾਕੀ ਦਾ ਜਾਦੂਗਰ' ਕਹਿ ਕੇ ਮਿੱਥ ਬਣਾ ਦਿੱਤਾ ਗਿਐ ਉਵੇਂ ਮਿਲਖਾ ਸਿੰਘ ਵੀ 'ਫਲਾਈਂਗ ਸਿੱਖ' ਦੇ ਖ਼ਿਤਾਬ ਨਾਲ ਮਿੱਥ ਬਣ ਗਿਆ ਹੈ। ਮਿੱਥ ਵਿਚ ਕੁਝ ਵਾਧੂ ਗੱਲਾਂ ਵੀ ਰਲ ਜਾਂਦੀਆਂ ਹਨ ਜੋ ਦੰਦ ਕਥਾਵਾਂ ਬਣ ਜਾਂਦੀਆਂ ਹਨ। ਧਿਆਨ ਚੰਦ ਬਾਰੇ ਦੰਦ ਕਥਾਵਾਂ ਚੱਲੀਆਂ ਕਿ ਰਾਤ ਨੂੰ ਚੰਦ ਚਾਂਦਨੀ ਵਿਚ ਹਾਕੀ ਖੇਡਣ ਦੀ ਪ੍ਰੈਕਟਿਸ ਕਰਦਾ ਰਿਹਾ ਹੋਣ ਕਰਕੇ ਉਹਦਾ ਨਾਂ ਧਿਆਨ ਸਿੰਘ ਤੋਂ ਧਿਆਨ ਚੰਦ ਪੱਕ ਗਿਆ... ਗੇਂਦ ਉਹਦੀ ਹਾਕੀ ਨਾਲ ਚੰਬੜ ਜਾਂਦੀ ਸੀ ਜਿਸ ਕਰਕੇ ਕੋਈ ਉਸ ਤੋਂ ਬਾਲ ਨਹੀਂ ਸੀ ਖੋਹ ਸਕਦਾ... ਵਾਰ-ਵਾਰ ਉਹਦੀ ਹਾਕੀ ਬਦਲ ਕੇ ਵੇਖੀ ਗਈ ਕਿ ਉਹਦੇ ਵਿਚ ਚੁੰਬਕ ਨਾ ਲੱਗਾ ਹੋਵੇ... ਉਹ ਇਕ ਹੱਥ ਨਾਲ ਖੇਡਦਾ ਹੀ ਵਿਰੋਧੀ ਟੀਮ ਦੇ ਖਿਡਾਰੀਆਂ ਨੂੰ ਡਾਜਾਂ ਮਾਰ ਕੇ 'ਕੱਲਾ ਈ ਗੋਲ ਕਰ ਆਉਂਦਾ ਸੀ... ਹਿਟਲਰ ਨੇ ਉਸ ਨੂੰ ਜਰਮਨ ਫੌਜ ਦਾ ਬੜਾ ਵੱਡਾ ਅਫ਼ਸਰ ਬਣਾਉਣ ਦੀ ਪੇਸ਼ਕਸ਼ ਕੀਤੀ ਸੀ ਜੋ ਉਸ ਨੇ ਠੁਕਰਾਅ ਦਿੱਤੀ ਸੀ...।

ਮਿਲਖਾ ਸਿੰਘ ਦੀ ਉਸਤਤ ਵਿਚ ਵੀ ਕਿਹਾ ਜਾਂਦੈ ਕਿ ਉਹ ਦੌੜਦਾ ਨਹੀਂ, ਉੱਡਦਾ ਸੀ। ਟ੍ਰੈਕ 'ਤੇ ਦੌੜਦਾ ਹਵਾ 'ਚ ਤੈਰਦਾ ਲੱਗਦਾ ਸੀ। ਉਹਦੀ ਜੀਵਨ ਕਹਾਣੀ ਉਹਦੀਆਂ ਦੌੜਾਂ ਦੀ ਅਜਿਹੀ ਗਾਥਾ ਹੈ ਜਿਹੜੀ ਜੱਗੋਂ ਨਿਆਰੀ ਹੈ। ਉਹਦੇ ਬਾਰੇ ਅਨੇਕਾਂ ਦੰਦ ਕਥਾਵਾਂ ਚੱਲੀਆਂ ਤੇ ਚੁਟਕਲੇ ਜੁੜੇ। ਗੱਲ ਦੋ ਚੁਟਕਲਿਆਂ ਤੋਂ ਹੀ ਸ਼ੁਰੂ ਕਰਦੇ ਹਾਂ। ਕਹਿੰਦੇ ਹਨ ਕਿ ਇਕ ਰਾਤ ਮਿਲਖਾ ਸਿੰਘ ਦੇ ਘਰ ਚੋਰ ਆ ਗਏ। ਪਤਨੀ ਨੇ

**ਪ੍ਰਿੰਸੀਪਲ ਸਰਵਣ ਸਿੰਘ**



ਮਿਲਖਾ ਸਿੰਘ ਨੂੰ ਜਗਾਇਆ, "ਸਰਦਾਰ ਜੀ ਉਠੋ, ਘਰ 'ਚ ਚੋਰ ਆਏ ਲੱਗਦੇ ਨੇ।"

ਸਰਦਾਰ ਜੀ ਨੇ ਕਿਹਾ, "ਸੌਣ ਦਿਉ ਮੈਡਮ। ਚੋਰ ਕਿਤੇ ਨਹੀਂ ਦੌੜ ਚੱਲੇ!"

ਚੋਰ ਚੋਰੀ ਕਰ ਕੇ ਦੌੜੇ ਤਾਂ ਪਤਨੀ ਨੇ ਫਿਰ ਜਗਾਇਆ, "ਚੋਰ ਤਾਂ ਦੌੜ ਵੀ ਗਏ।"

ਚੋਰਾਂ ਦਾ ਦੌੜਨਾ ਸੁਣ ਕੇ ਮਿਲਖਾ ਸਿੰਘ ਮੰਜੇ ਤੋਂ ਉੱਠਿਆ। ਰਨਿੰਗ ਸ਼ੂਅ ਪਾਏ, ਫੀਤੇ ਕਸੇ ਤੇ ਚੋਰਾਂ ਮਗਰ ਦੌੜ ਪਿਆ। ਚੋਰ ਅੱਗੇ ਤੇ ਮਿਲਖਾ ਸਿੰਘ ਪਿੱਛੇ। ਟਿਕੀ ਹੋਈ ਰਾਤ। ਚਾਨਣ ਬਖੇਰਦੀਆਂ ਚੰਡੀਗੜ੍ਹ ਦੀਆਂ ਖੁੱਲ੍ਹੀਆਂ ਸੜਕਾਂ। ਮਿਲਖਾ ਸਿੰਘ ਸਿਰਪੱਟ ਦੌੜਦਾ ਗਿਆ। ਸੁਖਨਾ ਲੇਕ ਕੋਲ ਮਿਲਖਾ ਸਿੰਘ ਦਾ ਕੋਈ ਜਾਣੂੰ ਬੰਦਾ ਮਿਲਿਆ ਜਿਸ ਨੇ 'ਫਲਾਈਂਗ ਸਿੱਖ' ਨੂੰ ਪੁੱਛਿਆ, "ਮਿਲਖਾ ਸਿੰਘ ਜੀ, ਅੱਜ ਅੱਧੀ ਰਾਤੇ ਕਿਧਰ?"

ਮਿਲਖਾ ਸਿੰਘ ਨੇ ਜਵਾਬ ਦਿੱਤਾ, "ਚੋਰਾਂ ਮਗਰ ਦੌੜਿਆ ਸੀ। ਉਨ੍ਹਾਂ ਨੂੰ ਪਿਛਲੇ ਚੌਂਕ 'ਚ ਹੀ ਪਿਛਾਂਹ ਛੱਡ ਆਇਆਂ!"

ਮਿਲਖਾ ਸਿੰਘ ਦੌੜ ਮੁਕਾਬਲੇ ਲਈ ਵਿਦੇਸ਼ ਗਿਆ ਤਾਂ ਉਸ ਨੂੰ ਅੰਗਰੇਜ਼ੀ ਨਹੀਂ ਸੀ ਆਉਂਦੀ। ਉਹ ਦੌੜ ਲਾਉਣ ਪਿੱਛੋਂ ਆਰਾਮ ਫੁਰਮਾ ਰਿਹਾ ਸੀ ਕਿ ਕਿਸੇ ਪੱਤਰਕਾਰ ਨੇ ਪੁੱਛ ਲਿਆ, "ਆਰ ਯੂ ਰਿਲੈਕਸਿੰਗ?"

ਮਿਲਖਾ ਸਿੰਘ ਨੇ ਜਵਾਬ ਦਿੱਤਾ, "ਨੋ, ਆਈ ਐਮ ਮਿਲਖਾ ਸਿੰਘ!"


ਮਿਲਖਾ ਸਿੰਘ ਭਾਰਤ ਦੇ ਅਥਲੀਟਾਂ ਲਈ ਰੋਲ ਮਾਡਲ ਸੀ। ਉਸ ਦੀ ਵਡਿਆਈ ਇਸ ਗੱਲ ਵਿਚ ਨਹੀਂ ਕਿ ਉਸ ਨੇ ਦੌੜ ਮੁਕਾਬਲਿਆਂ ਦੇ ਅਨੇਕਾਂ ਤਗ਼ਮੇ ਜਿੱਤੇ ਅਤੇ ਅਨੇਕਾਂ ਨਵੇਂ ਰਿਕਾਰਡ ਰੱਖੇ। ਬਲਕਿ ਇਸ ਗੱਲ ਵਿਚ ਹੈ ਕਿ ਉਸ ਨੇ ਅੰਤਾਂ ਦੇ ਮਾੜੇ ਹਾਲਾਤ 'ਚੋਂ ਲੰਘਦਿਆਂ ਅਜਿਹਾ ਕਰ ਵਿਖਾਇਆ।

ਜੇਕਰ ਸਾਧਾਰਨ ਪਰਿਵਾਰ ਦਾ ਯਤੀਮ ਸ਼ਰਨਾਰਥੀ ਬੱਚਾ ਆਪਣੀ ਹਿੰਮਤ ਤੇ ਮਿਹਨਤ ਦੇ ਬਲਬੋਤੇ ਦੌੜਾਂ ਦਾ ਬਾਦਸ਼ਾਹ ਬਣ ਸਕਦੈ ਤਾਂ ਹੋਰ ਬਾਲਕ ਅਜਿਹਾ ਕਿਉਂ ਨਹੀਂ ਕਰ ਸਕਦੇ? ਪਰ ਸ਼ਰਤ ਇਹੋ ਹੈ ਕਿ ਉਨ੍ਹਾਂ ਵਿਚ ਮਿਲਖਾ ਸਿੰਘ ਵਰਗਾ ਦ੍ਰਿੜ ਇਰਾਦਾ ਹੋਵੇ। ਉਹ ਪ੍ਰੈਕਟਿਸ ਕਰਦਿਆਂ ਲਹੂ-ਮੁੜ੍ਹਕਾ ਇਕ ਕਰਨ ਦੀ ਮਿਹਨਤ ਤੋਂ ਕੰਨੀ ਨਾ ਕਤਰਾਉਣ।

ਅਨੁਸਾਸ਼ਨ ਦੇ ਪੱਕੇ ਹੋਣ ਤੇ ਅਯਾਸ਼ੀ ਵਿਚ ਨਾ ਪੈਣ। ਨਵੀਆਂ ਪੀੜ੍ਹੀਆਂ ਉਸ ਤੋਂ ਪ੍ਰੇਰਨਾ ਲੈ ਕੇ ਨਵੀਆਂ ਜਿੱਤਾਂ ਵੱਲ ਮੂੰਹ ਕਰ ਸਕਦੀਆਂ ਹਨ।

ਮਿਲਖਾ ਸਿੰਘ ਦੀ ਇੱਛਾ ਸੀ ਕਿ ਖੇਡ ਮੈਦਾਨਾਂ 'ਚੋਂ ਨਵੇਂ ਮਿਲਖਾ ਸਿੰਘ ਪੈਦਾ ਹੋਣ ਜੋ ਆਪਣੇ ਦੇਸ਼ ਦਾ ਨਾਂ ਰੌਸ਼ਨ ਕਰਨ। ਉਸ ਦੇ ਕਿੱਲਾਂ ਵਾਲੇ ਬੂਟ ਨੈਸ਼ਨਲ ਇੰਸਟੀਚਿਊਟ ਆਫ਼ ਸਪੋਰਟਸ ਪਟਿਆਲੇ ਦੇ ਅਜਾਇਬ ਘਰ ਵਿਚ ਰੱਖੇ ਹੋਏ ਹਨ ਜੋ ਦੇਸ਼ ਦੇ ਜੁਆਨਾਂ ਨੂੰ ਵੰਗਾਰ ਰਹੇ ਹਨ, "ਆਓ ਜੁਆਨੋਂ ਨਿੱਤਰੋ!"

## ਮਿਲਖਾ ਸਿੰਘ ਦੇ ਦੇਹਾਂਤ ਨਾਲ ਸੋਗ 'ਚ ਡੁੱਬਾ ਖੇਡ ਜਗਤ



-- ਮੈਂ ਮਿਲਖਾ ਜੀ ਨੂੰ ਪਹਿਲੀ ਵਾਰ 1982 ਵਿਚ ਮਿਲੀ ਸੀ ਤੇ ਇਹ ਯਾਦਗਾਰ ਮੁਲਾਕਾਤ ਸੀ। ਉਨ੍ਹਾਂ ਨੇ ਮੈਨੂੰ ਪ੍ਰਦਰਸ਼ਨ ਵਿਚ ਸੁਧਾਰ ਕਰਨ ਲਈ ਅੰਤਰਰਾਸ਼ਟਰੀ ਚੈਂਪੀਅਨਸ਼ਿਪਾਂ ਵਿਚ ਹਿੱਸਾ ਲੈਣ 'ਤੇ ਧਿਆਨ ਦੇਣ ਦੀ ਸਲਾਹ ਦਿੱਤੀ ਸੀ। ਉਨ੍ਹਾਂ ਨੇ ਮੈਨੂੰ ਕਿਹਾ ਕਿ ਜਾਓ ਤੇ ਦੇਸ਼ ਤੋਂ ਬਾਹਰ ਦੌੜੋ। ਤਦ ਤੁਸੀਂ ਸੁਧਾਰ ਕਰ ਸਕਦੇ ਹੋ ਤੇ ਵਿਦੇਸ਼ੀ ਐਥਲੀਟਾਂ ਨੂੰ ਚੁਣੌਤੀ ਦੇ ਸਕਦੇ ਹੋ।

**-ਪੀਟੀ ਊਸ਼ਾ, ਸਾਬਕਾ ਭਾਰਤੀ ਐਥਲੀਟ**

-- 'ਇਕ ਸ਼ਾਨਦਾਰ ਵਿਰਾਸਤ, ਜਿਸ ਨੇ ਸਾਰੇ ਦੇਸ਼ ਨੂੰ ਸਰਬੋਤਮ ਹੋਣ ਲਈ ਪ੍ਰੇਰਿਤ ਕੀਤਾ। ਕਦੀ ਹਾਰ ਨਾ ਮੰਨਣ ਤੇ ਆਪਣੇ ਸੁਪਨਿਆਂ ਨੂੰ ਪੂਰਾ ਕਰਨ ਲਈ ਪ੍ਰੇਰਿਤ ਕੀਤਾ। ਤੁਹਾਨੂੰ ਕਦੀ ਨਹੀਂ ਭੁਲਾਇਆ ਜਾ ਸਕੇਗਾ।

**-ਵਿਰਾਟ ਕੋਹਲੀ, ਭਾਰਤੀ ਕਪਤਾਨ**

-- 'ਇਸ ਖ਼ਬਰ ਨਾਲ ਬਹੁਤ ਦੁਖੀ ਹਾਂ। ਭਾਰਤ ਦੇ ਮਹਾਨ ਖਿਡਾਰੀਆਂ ਵਿਚੋਂ ਇਕ। ਤੁਸੀਂ ਨੌਜਵਾਨ ਭਾਰਤੀਆਂ ਨੂੰ ਐਥਲੀਟ ਬਣਨ ਲਈ ਸੁਪਨੇ ਦਿੱਤੇ। ਤੁਹਾਨੂੰ ਨੇੜਿਓਂ ਜਾਨਣ ਦਾ ਮੌਕਾ ਮੈਨੂੰ ਮਿਲਿਆ।

**-ਸੌਰਵ ਗਾਂਗੁਲੀ, ਬੀਸੀਸੀਆਈ ਪ੍ਰਧਾਨ**

-- 'ਸਾਡੇ ਦੇਸ਼ ਦੇ ਹੀਰੋ ਤੇ ਦਿੱਗਜ ਸ੍ਰੀ ਮਿਲਖਾ ਸਿੰਘ ਜੀ ਦੇ ਦੇਹਾਂਤ ਨਾਲ ਦੁਖੀ ਹਾਂ। ਉਨ੍ਹਾਂ ਦੇ ਪਰਿਵਾਰ ਨਾਲ ਨਾਲ ਮੇਰੀ ਹਮਦਰਦੀ।

**-ਮੈਰੀ ਕਾਮ, ਮੁੱਕੇਬਾਜ਼**

-- 'ਮਿਲਖਾ ਅੰਕਲ ਨਹੀਂ ਰਹੇ। ਵਿਸ਼ਵਾਸ ਹੀ ਨਹੀਂ ਹੁੰਦਾ। ਚੰਡੀਗੜ੍ਹ ਹੁਣ ਪਹਿਲਾਂ ਵਰਗਾ ਨਹੀਂ ਰਹੇਗਾ। ਆਪਣੇ ਜੀਵਨ ਦੇ ਵੱਖ ਵੱਖ ਮੋੜ 'ਤੇ ਉਨ੍ਹਾਂ ਨੂੰ ਮਿਲਣ ਤੇ ਪ੍ਰੇਰਿਤ ਹੋਣ ਦਾ ਮੌਕਾ ਮਿਲਿਆ। ਹਰ ਵਾਰ ਉਨ੍ਹਾਂ ਤੋਂ ਨਵੀਂ ਸਿੱਖਿਆ ਮਿਲੀ। ਉਨ੍ਹਾਂ ਦੀ ਸ਼ਖ਼ਸੀਅਤ ਹੀ ਅਜਿਹੀ ਸੀ।

**-ਸ਼ੁਭੰਕਰ ਸ਼ਰਮਾ, ਗੋਲਫਰ**

-- 'ਵਿਸ਼ਵ ਚੈਂਪੀਅਨਸ਼ਿਪ ਅੰਡਰ-19 ਖ਼ਿਤਾਬ ਤੇ ਏਸ਼ਿਆਈ ਖੇਡਾਂ ਵਿਚ ਮੈਡਲ ਜਿੱਤਣ ਤੋਂ ਬਾਅਦ ਮੈਨੂੰ ਮਿਲਖਾ ਸਰ ਨੇ ਫੋਨ ਕੀਤਾ ਸੀ। ਉਨ੍ਹਾਂ ਨੇ ਕਿਹਾ ਸੀ ਕਿ ਹਿਮਾ ਮਿਹਨਤ ਕਰਦੀ ਰਹੋ, ਤੁਹਾਡੇ ਕੋਲ ਸਮਾਂ ਹੈ ਤੇ ਤੁਸੀਂ ਵਿਸ਼ਵ ਪੱਧਰ 'ਤੇ ਭਾਰਤ ਲਈ ਮੈਡਲ ਜਿੱਤ ਸਕਦੇ ਹੋ। ਤੁਹਾਡਾ ਸੁਪਨਾ ਪੂਰਾ ਕਰਨ ਦੀ ਕੋਸ਼ਿਸ਼ ਕਰਾਂਗੀ ਸਰ।

**-ਹਿਮਾ ਦਾਸ, ਐਥਲੀਟ**

-- 'ਇਕ ਹੀਰੋ, ਇਕ ਪ੍ਰੇਰਣਾ, ਇਕ ਦਿੱਗਜ। ਉਹ ਆਉਣ ਵਾਲੀਆਂ ਪੀੜ੍ਹੀਆਂ ਨੂੰ ਪ੍ਰੇਰਿਤ ਕਰਦੇ ਰਹਿਣਗੇ।

**-ਜਸਪ੍ਰੀਤ ਬੁਮਰਾਹ, ਭਾਰਤੀ ਤੇਜ਼ ਗੇਂਦਬਾਜ਼**

-- 'ਭਾਰਤ ਇਕ ਹੀਰੋ ਤੇ ਪ੍ਰੇਰਣਾ ਦੇ ਸ੍ਰੋਤ ਨੂੰ ਵਿਦਾਈ ਦੇ ਰਿਹਾ ਹੈ। ਤੁਸੀਂ ਆਉਣ ਵਾਲੀਆਂ ਪੀੜ੍ਹੀਆਂ ਦੇ ਖਿਡਾਰੀਆਂ ਨੂੰ ਪ੍ਰੇਰਿਤ ਕਰਦੇ ਰਹੋਗੇ।

**-ਰਿਸ਼ਭ ਪੰਤ, ਭਾਰਤੀ ਵਿਕਟਕੀਪਰ**

-- ਮਹਾਨ ਵਿਅਕਤੀ ਮਿਲਖਾ ਸਿੰਘ ਜੀ ਦਾ ਸਰੀਰ ਸਾਡੇ ਵਿਚਾਲੇ ਨਹੀਂ ਰਿਹਾ ਪਰ ਮਿਲਖਾ ਨਾਂ ਹਮੇਸ਼ਾ ਹੌਸਲੇ ਤੇ ਇੱਛਾ ਸ਼ਕਤੀ ਲਈ ਜਾਣਿਆ ਜਾਵੇਗਾ। ਬਹੁਤ ਸ਼ਾਨਦਾਰ ਇਨਸਾਨ ਸਨ। ਉਨ੍ਹਾਂ ਦੇ ਪਰਿਵਾਰ ਨਾਲ ਮੇਰੀ ਹਮਦਰਦੀ। ਓਮ ਸ਼ਾਂਤੀ।

**-ਵਰਿੰਦਰ ਸਹਿਵਾਗ, ਸਾਬਕਾ ਭਾਰਤੀ ਕ੍ਰਿਕਟਰ**

-- ਤੁਸੀਂ ਅਜਿਹੀ ਵਿਰਾਸਤ ਛੱਡੀ ਹੈ ਜੋ ਭਾਰਤੀ ਖਿਡਾਰੀਆਂ ਦੀਆਂ ਪੀੜ੍ਹੀਆਂ ਨੂੰ ਪ੍ਰੇਰਿਤ ਕਰੇਗੀ।

**-ਸ਼ਿਖਰ ਧਵਨ, ਕ੍ਰਿਕਟਰ**

-- ਮਿਲਖਾ ਸਿੰਘ ਜੀ ਦੇ ਦੇਹਾਂਤ ਦੀ ਖ਼ਬਰ ਨਾਲ ਦਿਲ ਟੁੱਟ ਗਿਆ ਹੈ। ਉਨ੍ਹਾਂ ਦੀਆਂ ਉਪਲੱਬਧੀਆਂ ਲੱਖਾਂ ਨੂੰ ਪ੍ਰੇਰਿਤ ਕਰਨਗੀਆਂ ਤੇ ਇਨ੍ਹਾਂ ਯਾਦਾਂ ਵਿਚ ਉਹ ਅਮਰ ਰਹਿਣਗੇ। ਜੀਵ ਤੇ ਪਰਿਵਾਰ ਪ੍ਰਤੀ ਮੇਰੀ ਹਮਦਰਦੀ।

**-ਯੁਵਰਾਜ ਸਿੰਘ, ਸਾਬਕਾ ਭਾਰਤੀ ਕ੍ਰਿਕਟਰ**

-- ਦਿੱਗਜ ਮਿਲਖਾ ਸਿੰਘ ਜੀ ਦੇ ਦੇਹਾਂਤ ਤੋਂ ਦੁਖੀ ਹਾਂ। ਉਨ੍ਹਾਂ ਦੀ ਵਿਰਾਸਤ ਪੀੜ੍ਹੀ ਦਰ ਪੀੜ੍ਹੀ ਅਮਰ ਰਹੇਗੀ। ਪਰਿਵਾਰ ਤੇ ਪ੍ਰਸ਼ੰਸਕਾਂ ਲਈ ਮੇਰੀ ਹਮਦਰਦੀ।

**-ਵੀਵੀਐੱਸ ਲਕਸ਼ਮਣ, ਸਾਬਕਾ ਭਾਰਤੀ ਕ੍ਰਿਕਟਰ**

## ਬਚਪਨ ਦੀਆਂ ਯਾਦਾਂ

ਬਚਪਨ ਦੀਆਂ ਯਾਦਾਂ ਚੋਂ,
ਯਾਦ,ਆ ਗਈ ਇੱਕ ਪੁਰਾਣੀ।
ਯਾਰਾਂ ਮਿੱਤਰਾਂ ਇਕੱਠੇ ਖੇਡਣਾ,
ਬਣ, ਹਾਣੀਆਂ ਦੇ ਹਾਣੀ।
ਬਚਪਨ ਦੀਆਂ ਯਾਦਾਂ ਚੋਂ,
ਯਾਦ,ਆ ਗਈ ਇੱਕ ਪੁਰਾਣੀ।

ਕੀ ਹੁੰਦੇ ਸੀ,ਉਹ ਦਿਨ ਯਾਰੋ,
ਅਸੀ, ਮੌਜਾਂ ਮਾਣਦੇ ਸੀ।
ਰੁੱਝ ਰੁਝੇਵਾਂ ਹੁੰਦਾ ਸੀ,ਦਿਨ ਭਰ,
ਗਲੀਆਂ ਦੀ ਖ਼ਾਕ ਛਾਣਦੇ ਸੀ।
ਭੁੱਖੇ ਭਾਣੇ ਫਿਰਦੇ ਰਹਿਣਾ,
ਨਾ ਰੋਟੀ ਨਾ ਪਾਣੀ।
ਬਚਪਨ ਦੀਆਂ ਯਾਦਾਂ ਚੋਂ
ਯਾਦ,ਆ ਗਈ ਇੱਕ ਪੁਰਾਣੀ।

ਕਦੇ ਖੇਡਣਾ ਲੁੱਕਣ ਮੀਚੀ,
ਕਦੇ ਚੋਰ ਤੇ ਸ਼ਿਪਾਈ।
ਕਦੇ ਯਾਰਾਂ ਨੂੰ ਹੱਸ-ਹੱਸ ਮਿਲਣਾ,
ਕਦੇ ਸੀ ਹੁੰਦੀ,ਲੜਾਈ।
ਬੀਤੀ ਹੋਈ, ਯਾਦ ਇਹ ਤਾਂ,
ਹੁਣ,ਰਹਿ ਗਈ ਬਣ ਕਹਾਣੀ।
ਬਚਪਨ ਦੀਆਂ ਯਾਦਾਂ ਚੋਂ
ਯਾਦ,ਆ ਗਈ ਇੱਕ ਪੁਰਾਣੀ।

ਬਰਸਾਤ ਆਉਂਦੀ ਤਾਂ ਕਾਗਜ਼ ਦੀਆਂ,
ਅਸੀ ਬੇੜੀਆਂ ਪਏ ਬਣਾਉਣਾ।
ਪਾਣੀ ਦੇ ਵਿੱਚ ਚੁਭਕੀ ਲਾ-ਲਾ,
ਅਸਾਂ, ਫਿਰ ਖ਼ੂਬ ਨਹਾਉਣਾ।
ਨਾਲ ਸਾਡੇ ਨਹਾਉਂਦੇ ਸੀ ਪੰਛੀ,
ਜਿਹੜੇ ਰੁੱਖ ਦੀ ਬੈਠੇ ਟਾਹਣੀ।
ਬਚਪਨ ਦੀਆਂ ਯਾਦਾਂ ਚੋਂ
ਯਾਦ,ਆ ਗਈ ਇੱਕ ਪੁਰਾਣੀ।

ਮਾਂ ਦੇ ਲਾਡ, ਤੇ ਬਾਪੂ ਦੀ ਘੂਰੀ,
ਦਾਦਾ ਦਾਦੀ ਦੀਆਂ ਕਹਾਣੀਆਂ ਸੀ।
ਚਾਂਈ ਚਾਂਈ ਮਿਲ ਕੇ ਰਹਿੰਦੇ ਸੀ।
ਸਭੇ ਰੁੱਤਾਂ ਇਕੱਠੇ ਮਾਣੀਆਂ ਸੀ।
ਦੁੱਧ ਦੇ ਛੰਨੇ ਭਰੇ ਸੀ ਰਹਿੰਦੇ,
ਹੁੰਦੀ ਚਾਟੀ ਵਿੱਚ ਮਧਾਣੀ।
ਬਚਪਨ ਦੀਆਂ ਯਾਦਾਂ ਚੋਂ
ਯਾਦ,ਆ ਗਈ ਇੱਕ ਪੁਰਾਣੀ।

ਫਿਰ ਆਵੇ, ਉਹ ਵੇਲਾ ਮੁੜ ਕੇ,
ਬਸ ਕਰਦਾ ਇਹ ਦੁਆਵਾਂ।
ਅੱਖਾਂ ਵਿਛਾ ਕੇ ਬਹਿ ਗਿਆ ਹੁਣ,
ਨਿੱਤ, ਤੱਕਦਾ ਪਿਆ ਹਾਂ ਰਾਹਾਂ।
ਬਸ ਕਰ ਬਚਪਨਾ ਮੁੜ ਵੀ ਆ ਤੂੰ,
ਹੁਣ ਤਾਂ ਸ਼ਬਦ ਨੇ ਇਹੀ ਜ਼ੁਬਾਨੀ।
ਬਚਪਨ ਦੀਆਂ ਯਾਦਾਂ ਚੋਂ
ਯਾਦ,ਆ ਗਈ ਇੱਕ ਪੁਰਾਣੀ।
ਯਾਦ,ਆ ਗਈ ਇੱਕ ਪੁਰਾਣੀ



**ਲੇਖਕ - ਰਾਜੇਸ਼ ਕੁਮਾਰ ਭਗਤ**
**ਫੋਨ ਨੰ - 9872120435**

# ਕਮਾਲ ਆਰ ਖ਼ਾਨ ਨੇ ਰਾਖੀ ਸਾਵੰਤ ਦੀ ਆਡੀਓ ਕੀਤੀ ਲੀਕ

**ਨਵੀਂ ਦਿੱਲੀ।** ਕਮਾਲ ਆਰ ਖ਼ਾਨ ਨੇ ਇਕ ਆਡੀਓ ਟਵੀਟ ਕੀਤੀ ਹੈ। ਇਸ 'ਚ ਰਾਖੀ ਸਾਵੰਤ ਕੇਆਰਕੇ ਦੁਆਰਾ ਮੀਕਾ ਸਿੰਘ 'ਤੇ ਬਣਾਈ ਗਈ ਵੀਡੀਓ 'ਤੇ ਹੱਸ ਰਹੀ ਹੈ। ਉਨ੍ਹਾਂ ਦੀ ਇਹ ਆਡੀਓ ਬਹੁਤ ਤੇਜ਼ੀ ਨਾਲ ਵਾਇਰਲ ਹੋ ਗਈ ਹੈ। ਅਦਾਕਾਰ ਤੇ ਫਿਲਮ ਆਲੋਚਕ ਕਮਾਲ ਰਾਸ਼ੀਦ ਖ਼ਾਨ ਕੇਆਰਕੇ ਦੇ ਨਾਂ ਤੋਂ ਵੀ ਜਾਣੇ ਜਾਂਦੇ ਹਨ। ਕਮਾਲ ਆਰ ਖ਼ਾਨ ਤੇ ਮੀਕਾ ਸਿੰਘ ਦੇ ਵਿਚਕਾਰ ਇਨ੍ਹੀਂ ਦਿਨੀਂ ਜੰਮ ਕੇ ਵਿਵਾਦ ਚੱਲ ਰਿਹਾ ਹੈ। ਮੀਕਾ ਸਿੰਘ ਨੇ ਕਮਾਲ ਆਰ ਖ਼ਾਨ ਨੂੰ 'ਕੁੱਤਾ' ਕਹਿ ਕੇ ਸੰਬੋਧਿਤ ਕੀਤਾ ਸੀ। ਇਸ ਦੇ ਇਲਾਵਾ ਉਨ੍ਹਾਂ ਨੇ ਇਕ ਗਾਣਾ ਵੀ ਬਣਾਇਆ ਸੀ। ਹੁਣ ਇਸ ਦੇ ਜਵਾਬ 'ਚ ਕਮਾਲ ਆਰ ਖ਼ਾਨ ਨੇ ਵੀ ਇਕ ਵੀਡੀਓ ਬਣਾਈ ਸੀ। ਰਾਖੀ ਸਾਵੰਤ ਨੇ ਇਸ ਵੀਡੀਓ 'ਤੇ ਪ੍ਰਤੀਕਿਰਿਆ ਦਿੰਦੇ ਹੋਏ ਮੀਕਾ ਸਿੰਘ ਦਾ ਮਜ਼ਾਕ ਉਡਾਇਆ ਹੈ। ਰਾਖੀ ਸਾਵੰਤ ਹੱਸਦੇ ਹੋਏ ਕਹਿ ਰਹੀ ਹੈ, ਕੇਆਰਕੇ ਭਾਈ ਇਹ ਕੀ ਕਰ ਰਹੇ ਹੋ ਤੁਸੀਂ। ਕੇਆਰਕੇ ਨੇ ਲਿਖਿਆ ਹੈ, ਰਾਖੀ ਸਾਵੰਤ ਦਾ ਇਹ ਮਜ਼ੇਦਾਰ ਰਿਐਕਸ਼ਨ ਮੀਕਾ 'ਤੇ ਬਣੇ ਵੀਡੀਓ ਨੂੰ ਦੇਖਣ ਤੋਂ ਬਾਅਦ ਆਇਆ।



# ਅੰਡਰਟੇਕਰ ਨੇ ਦਿੱਤੀ ਅਕਸ਼ੈ ਕੁਮਾਰ ਨੂੰ ਰੀਅਲ ਰੀਮੈਚ ਦੀ ਚੁਣੌਤੀ





**ਨਵੀਂ ਦਿੱਲੀ।** ਬਾਲੀਵੁੱਡ ਸੁਪਰਸਟਾਰ ਅਕਸ਼ੈ ਕੁਮਾਰ ਆਪਣੀ ਸੋਸ਼ਲ ਮੀਡੀਆ ਪੋਸਟ ਤੇ ਫਨੀ ਐਕਟੀਵਿਟੀ ਦੇ ਚੱਲਦਿਆਂ ਇੰਟਰਨੈੱਟ 'ਤੇ ਸੁਰਖੀਆਂ 'ਚ ਰਹਿੰਦੇ ਹਨ। ਉਹ ਅਕਸਰ ਆਪਣੇ ਸੋਸ਼ਲ ਮੀਡੀਆ ਹੈਂਡਲ 'ਤੇ ਫਨੀ ਅੰਦਾਜ਼ 'ਚ ਪੋਸਟ ਸ਼ੇਅਰ ਕਰਦੇ ਰਹਿੰਦੇ ਹਨ।

ਹਾਲ ਹੀ 'ਚ ਉਨ੍ਹਾਂ ਨੇ ਆਪਣੀ ਫਿਲਮ ਖਿਲਾੜੀਆਂ ਕਾ ਖਿਲਾੜੀ ਦੇ 25 ਸਾਲ ਪੂਰੇ ਹੋਣ 'ਤੇ ਇਕ ਮਜ਼ੇਦਾਰ ਫੋਟੋ ਸ਼ੇਅਰ ਕੀਤੀ ਸੀ ਜਿਸ 'ਤੇ ਹੁਣ ਨੇ ਆਪਣੀ ਮਜ਼ੇਦ-ਾਰ ਪ੍ਰਤੀਕਿਰਿਆ ਦਿੱਤੀ ਹੈ। ਹੁਣ ਨੇ ਅਦਾਕਾਰ ਦੀ ਪੋਸਟ ਨੂੰ ਸ਼ੇਅਰ ਕਰਦੇ ਹੋਏ ਦੱਸਿਆ ਕਿ ਰੇਸਲਰ ਅੰਡਰਟੇਕਰ ਇਕ ਰੀਅਲ ਮੈਚ ਲਈ ਹਾਂ ਕਰ ਦਿੱਤਾ ਹੈ। ਪੋਸਟ 'ਚ ਲਿਖਿਆ, ਹਾਂ ਮੈਨੂੰ ਦੱਸਿਆ ਕਿ ਤੁਸੀਂ ਰੀਅਲ ਰੀਮੈਚ ਲਈ ਕਦੋਂ ਤਿਆਰ ਹੋ! ਦੂਜੇ ਪਾਸੇ ਮਜ਼ੇਦਾਰ ਪੋਸਟ ਨੂੰ ਟਵਿੱਟਰ 'ਤੇ ਇੰਡੀਆ ਨੇ ਕੈਪਸ਼ਨ ਲਿਖਿਆ 'ਦਿ ਰੀਅਲ ਅੰਡਰਟੇਕਰ ਵਰਸਿਜ ਅਕਸ਼ੈ ਕੁਮਾਰ ਕ੍ਰਿਪਾ ਹਾਂ ਕਰੋ। ਇਸ ਪੋਸਟ ਨੂੰ ਸੋਸ਼ਲ ਮੀਡੀਆ 'ਤੇ ਬਹੁਤ ਪੰਸਦ ਕੀਤਾ ਜਾ ਰਿਹਾ ਹੈ। ਫੈਨਜ਼ ਪੋਸਟ ਨੂੰ ਰਿਟਵੀਟ ਕਰ ਕੇ ਆਪਣੀ ਪ੍ਰਤੀਕਿਰਿਆ ਦੇ ਰਹੇ ਹਨ।

## ਗੋਲ ਕਰਨ ਲਈ ਤਰਸੇ ਇੰਗਲੈਂਡ ਦੇ ਕਪਤਾਨ ਹੈਰੀ ਕੇਨ, ਸਕਾਟਲੈਂਡ ਖ਼ਿਲਾਫ਼ ਮੈਚ ਰਿਹਾ ਬਰਾਬਰ




**ਲੰਡਨ।** ਇੰਗਲਿਸ਼ ਪ੍ਰੀਮੀਅਰ ਲੀਗ ਵਿਚ ਸਭ ਤੋਂ ਵੱਧ ਗੋਲ ਕਰਨ ਵਾਲੇ ਇੰਗਲੈਂਡ ਦੇ ਕਪਤਾਨ ਹੈਰੀ ਕੇਨ ਯੂਰੋ ਕੱਪ ਵਿਚ ਗੋਲ ਕਰਨ ਲਈ ਤਰਸਦੇ ਨਜ਼ਰ ਆਏ ਜਿਸ ਕਾਰਨ ਇੰਗਲੈਂਡ ਦੀ ਟੀਮ ਨੂੰ ਸਕਾਟਲੈਂਡ ਹੱਥੋਂ ਮੈਚ ਵਿਚ ਗੋਲਰਹਿਤ ਡਰਾਅ ਨਾਲ ਸਬਕ ਕਰਨਾ ਪਿਆ ਤੇ ਘਰ ਵਿਚ ਪ੍ਰਸ਼ੰਸਕਾਂ ਦੇ ਗੁੱਸੇ ਨੂੰ ਵੀ ਸਹਿਣਾ ਪਿਆ। ਮੈਚ ਦੌਰਾਨ ਕੇਨ ਗੇਂਦ ਨੂੰ ਛੂਹਣ ਲਈ ਸੰਘਰਸ਼ ਕਰਦੇ ਨਜ਼ਰ ਆਏ ਤੇ ਇਕ ਵੀ ਗੋਲ ਨਹੀਂ ਕਰ ਸਕੇ ਜਿਸ ਕਾਰਨ ਮੈਚ ਤੋਂ ਬਾਅਦ ਉਨ੍ਹਾਂ ਨੂੰ ਕਾਫੀ ਨਿਰਾਸ਼ ਵੀ ਦੇਖਿਆ ਗਿਆ। ਇੰਗਲੈਂਡ ਦੇ ਕੋਚ ਜੇਰੇਥ ਸਾਊਥਗੇਟ ਨੇ 74 ਮਿੰਟ ਤਕ ਉਨ੍ਹਾਂ ਨੂੰ ਮੈਦਾਨ 'ਤੇ ਰੱਖਿਆ ਪਰ ਸਕਾਟਲੈਂਡ ਦੇ ਡਿਫੈਂਸ ਨੂੰ ਤੋੜਨ ਵਿਚ ਉਹ ਕਾਮਯਾਬ ਨਹੀਂ ਹੋ ਸਕੇ। ਸਾਊਥਗੇਟ ਨੇ ਸਕਾਟਲੈਂਡ ਦੀ ਤਾਰੀਫ਼ ਕਰਦੇ ਹੋਏ ਕਿਹਾ ਕਿ ਇਹ ਔਖਾ ਮੈਚ ਸੀ। ਸਕਾਟਲੈਂਡ ਦਾ ਡਿਫੈਂਸ ਕਾਫੀ ਚੰਗਾ ਸੀ। ਇੰਗਲੈਂਡ ਵੱਲੋਂ ਕਪਤਾਨ ਹੈਰੀ ਤੋਂ ਇਲਾਵਾ ਡਿਫੈਂਡਰ ਜਾਨ ਸਟੋਨ ਦੇ ਕੋਲ ਮੈਚ ਦੇ 11ਵੇਂ ਮਿੰਟ ਵਿਚ ਹੈਡਰ ਰਾਹੀਂ ਗੋਲ ਕਰਨ ਦਾ ਮੌਕਾ ਸੀ ਪਰ ਉਹ ਉਸ ਦਾ ਲਾਭ ਨਾ ਉਠਾ ਸਕੇ। ਇਸ ਤੋਂ ਬਾਅਦ ਮੇਸਨ ਮਾਊਂਟ ਦਾ ਵੀ ਸ਼ਾਟ ਗੋਲ ਪੋਸਟ ਤੋਂ ਬਾਹਰ ਚਲਿਆ ਗਿਆ। ਇਸ ਤੋਂ ਇਲਾਵਾ ਸਕਾਟਲੈਂਡ ਲਈ ਵੀ ਉਸ ਦੇ ਫਾਰਵਰਡ ਖਿਡਾਰੀ ਲਿੰਡਨ ਡਾਈਕਸ ਕੋਲ 63ਵੇਂ ਮਿੰਟ ਵਿਚ ਮੌਕਾ ਸੀ ਪਰ ਉਹ ਵੀ ਉਸ ਨੂੰ ਗੋਲ ਵਿਚ ਤਬਦੀਲ ਨਹੀਂ ਕਰ ਸਕੇ। ਇਸ ਤਰ੍ਹਾਂ ਅੰਤ ਤਕ ਕੋਈ ਵੀ ਖਿਡਾਰੀ ਗੋਲ ਨਹੀਂ ਕਰ ਸਕਿਆ ਤੇ ਮੈਚ ਗੋਲਰਿਹਤ ਡਰਾਅ 'ਤੇ ਖ਼ਤਮ ਹੋਇਆ। ਇਸ ਡਰਾਅ ਨਾਲ ਹੁਣ ਇੰਗਲੈਂਡ ਦੇ ਦੋ ਮੈਚਾਂ ਵਿਚ ਚਾਰ ਅੰਕ ਹੋ ਗਏ ਹਨ ਤੇ ਉਹ ਗਰੁੱਪ-ਡੀ ਦੀ ਅੰਕ ਸੂਚੀ ਵਿਚ ਦੂਜੇ ਸਥਾਨ 'ਤੇ ਕਾਬਜ ਹੈ। ਜਦਕਿ ਸਿਖਰ 'ਤੇ ਚੈੱਕ ਗਣਰਾਜ ਦੀ ਟੀਮ ਹੈ। ਸਕਾਟਲੈਂਡ ਦੀ ਟੀਮ ਦੋ ਮੈਚਾਂ ਵਿਚ ਇਕ ਡਰਾਅ ਤੇ ਇਕ ਹਾਰ ਨਾਲ ਚੌਥੇ ਸਭ ਤੋਂ ਹੇਠਲੇ ਸਥਾਨ 'ਤੇ ਮੌਜੂਦ ਹੈ।

## ਕੀ ਹੈ ਫਾਦਰਜ਼ ਡੇਅ, ਕਦੋਂ-ਕਿਵੇਂ ਤੇ ਕਿਉਂ ਹੋਈ ਇਸ ਦੀ ਸ਼ੁਰੂਆਤ

ਪਿਤਾ ਦੀ ਅਹਿਮੀਅਤ ਹਰ ਕਿਸੇ ਲਈ ਹੁੰਦੀ ਹੈ ਤੇ ਪਿਤਾ ਲਈ ਦਿਲ ਵਿਚ ਖਾਸ ਜਗ੍ਹਾ ਹੁੰਦੀ ਹੈ। ਜਿਸ ਤਰ੍ਹਾਂ ਮਾਂ ਨੂੰ ਸਨਮਾਨ ਦੇਣ ਲਈ 'ਮਦਰਜ਼ ਡੇਅ' ਮਨਾਇਆ ਜਾਂਦਾ ਹੈ, ਉਸੇ ਤਰ੍ਹਾਂ ਪਿਤਾ ਨੂੰ ਸਨਮਾਨਿਤ ਕਰਨ ਲਈ ਫਾਦਰਜ਼ ਡੇਅ ਮਨਾਇਆ ਜਾਂਦਾ ਹੈ। ਫਾਦਰਜ਼ ਡੇਅ ਤੇ ਪਿੱਤਰ ਦਿਵਸ ਇਕ ਅਜਿਹਾ ਅਵਸਰ ਹੈ ਜੋ ਤੁਹਾਡੇ ਪਿਤਾ ਨੂੰ ਖੁਸ਼ ਰੱਖਣ, ਸਨਮਾਨਿਤ ਕਰਨ ਤੇ ਖਾਸ ਮਹਿਸੂਸ ਕਰਵਾਉਣ ਤੇ ਪੂਰੇ ਪਰਿਵਾਰ ਲਈ ਉਨ੍ਹਾਂ ਦੇ ਯੋਗਦਾਨ ਦਾ ਅਹਿਸਾਨ ਮਨਾਉਣ ਤੇ ਸਨਮਾਨਿਤ ਕਰਨ ਦਾ ਅਵਸਰ ਦਿੰਦਾ ਹੈ। ਫਾਦਰਜ਼ ਡੇਅ ਵਾਲੇ ਦਿਨ ਬੱਚੇ ਆਪਣੇ ਪਿਤਾ ਜਾਂ ਪਿਤਾ ਸਮਾਨ ਮੰਨਣ ਵਾਲੇ ਕਿਸੇ ਪੁਰਸ਼ ਨੂੰ ਅਲੱਗ-ਅਲੱਗ ਤਰ੍ਹਾਂ ਦੇ ਤੋਹਫ਼ੇ ਦਿੰਦੇ ਹਨ।

ਭਾਰਤ ਸਮੇਤ ਵਿਸ਼ਵ ਦੇ ਕਈ ਦੇਸ਼ਾਂ ਜਿਵੇਂ ਅਮਰੀਕਾ, ਕੈਨੇਡਾ, ਬ੍ਰਿਟੇਨ, ਆਸਟ੍ਰੇਲੀਆ, ਨਿਊਜ਼ੀਲੈਂਡ ਤੇ ਬਾਕੀ ਦੇਸ਼ਾਂ ਵਿਚ ਫਾਦਰਜ਼ ਡੇਅ ਜੂਨ ਦੇ ਤੀਸਰੇ ਐਤਵਾਰ ਨੂੰ ਮਨਾਇਆ ਜਾਂਦਾ ਹੈ। ਬਹੁਤ ਸਾਰੇ ਬੱਚੇ ਇਸ ਦਿਨ ਨੂੰ ਪਿਤਾ ਤੋਂ ਕੇਕ ਕੱਟਵਾ ਕੇ ਮਨਾਉਂਦੇ ਹਨ। ਇਸ ਸਾਲ ਫਾਦਰਜ਼ ਡੇਅ 20 ਜੂਨ 2021 ਨੂੰ ਮਨਾਇਆ ਜਾਵੇਗਾ। ਪਰ ਕੀ ਤੁਸੀਂ ਜਾਣਦੇ ਹੋ ਫਾਦਰਜ਼ ਡੇਅ ਕਿਉਂ ਮਨਾਇਆ ਜਾਂਦਾ ਹੈ? ਫਾਦਰਜ਼ ਡੇਅ ਦੀ ਸ਼ੁਰੂਆਤ ਕਦੋਂ, ਕਿਵੇਂ ਤੇ ਕਿੱਥੇ ਹੋਈ ਸੀ? ਤੇ ਸਭ ਤੋਂ ਪਹਿਲਾਂ ਫਾਦਰਜ਼ ਡੇਅ ਕਿੱਥੇ ਮਨਾਇਆ ਗਿਆ ਸੀ? ਤਾਂ ਅੱਜ ਇਸ ਲੇਖ ਜ਼ਰੀਏ ਅਸੀਂ ਇਸ ਬਾਰੇ ਜਾਣਾਂਗੇ।

**ਫਾਦਰਜ਼ ਡੇਅ ਦੀ ਸ਼ੁਰੂਆਤ ਕਦੋਂ ਤੇ ਕਿਵੇਂ ਹੋਈ?**

ਉਂਝ ਤਾਂ ਫਾਦਰਜ਼ ਡੇਅ ਮਨਾਉਣ ਪਿੱਛੇ ਕਈ ਕਹਾਣੀਆਂ ਪ੍ਰਚੱਲਿਤ ਹਨ, ਪਰ ਇਕ ਮਾਨਤਾ ਇਹ ਵੀ ਹੈ ਕਿ ਫਾਦਰਜ਼ ਡੇਅ ਪਹਿਲੀ ਵਾਰ 19 ਜੂਨ 1990 ਨੂੰ ਅਮਰੀਕਾ 'ਚ . ਨੇ ਆਪਣੇ ਪਿਤਾ ਨੂੰ ਸਨਮਾਨਿਤ ਕਰਨ ਲਈ



ਮਨਾਇਆ ਸੀ। ਦੇ ਪਿਤਾ ' ਅਮਰੀਕਾ 'ਚ ਖਾਨਾਜੰਗੀ ਦੇ ਘੁਲਾਟੀਏ ਸਨ ਤੇ ਉਨ੍ਹਾਂ ਦੀ ਪਤਨੀ ਦੀ ਮੌਤ ਉਨ੍ਹਾਂ ਦੇ ਛੇਵੇਂ ਬੱਚੇ ਨੂੰ ਜਨਮ ਦਿੰਦੇ ਸਮੇਂ ਹੋਈ ਸੀ। ਆਪਣੀ ਪਤਨੀ ਦੇ ਗੁਜ਼ਰ ਜਾਣ ਤੋਂ ਬਾਅਦ ਉਨ੍ਹਾਂ ਇਕੱਲੇ ਆਪਣੇ ਛੇ ਬੱਚਿਆਂ ਦਾ ਪਾਲਣ-ਪੋਸ਼ਣ ਕੀਤਾ ਸੀ। ਵਿਲੀਅਮਸ ਸਮਾਰਟ ਦੇ ਗੁਜ਼ਰ ਜਾਣ ਤੋਂ ਬਾਅਦ ਉਨ੍ਹਾਂ ਦੀ ਬੇਟੀ ਚਾਹੁੰਦੀ ਸੀ ਕਿ ਜਿਸ ਦਿਨ ਉਨ੍ਹਾਂ ਦੇ ਪਿਤਾ ਦੀ ਮੌਤ ਹੋਈ ਸੀ, ਉਸ ਦਿਨ ਨੂੰ ਫਾਦਰਜ਼ ਡੇਅ ਦੇ ਰੂਪ 'ਚ ਮਨਾਇਆ ਜਾਵੇ ਤੇ ਉਸ ਦਿਨ 5 ਜੂਨ ਸੀ। ਇਸ ਤੋਂ ਬਾਅਦ ਕੁਝ ਕਾਰਨਾਂ ਦੀ ਵਜ੍ਹਾ ਨਾਲ ਇਹ ਦਿਨ ਜੂਨ ਦੇ ਤੀਸਰੇ ਐਤਵਾਰ ਨੂੰ ਕਰ ਦਿੱਤਾ ਗਿਆ ਸੀ। ਉਸੇ ਦਿਨ ਤੋਂ ਵਿਸ਼ਵ ਭਰ ਵਿਚ ਜੂਨ ਦੇ ਤੀਸਰੇ ਐਤਵਾਰ ਨੂੰ ਫਾਦਰਜ਼ ਡੇਅ ਮਨਾਇਆ ਜਾਂਦਾ ਹੈ।

**ਫਾਦਰਜ਼ ਡੇਅ ਕਿਉਂ ਮਨਾਇਆ ਜਾਂਦਾ ਹੈ?**

ਇਕ ਪਿਤਾ ਬੇਸ਼ਕ ਆਪਣੇ ਬੱਚਿਆਂ ਪ੍ਰਤੀ ਸਖ਼ਤ ਰਵੱਈਆ ਰੱਖਦਾ ਹੋਵੇ ਪਰ ਉਹ ਨਾਰੀਅਲ ਵਾਂਗ ਹੁੰਦਾ ਹੈ, ਉੱਪਰੋਂ ਸਖ਼ਤ ਤੇ ਅੰਦਰੋਂ ਕੋਮਲ। ਇਸ ਲਈ ਮਾਂ ਦੀ ਹੀ ਤਰ੍ਹਾਂ ਸਾਡੇ ਜੀਵਨ ਵਿਚ ਪਿਤਾ ਦਾ ਵੀ ਮਹੱਤਵ ਹੁੰਦਾ ਹੈ। ਪਿਤਾ ਆਪਣੇ ਬੱਚਿਆਂ ਦੀ ਹਰ ਖਾਹਿਸ਼ ਪੂਰੀ ਕਰਦਾ ਹੈ, ਇਸ ਲਈ ਉਨ੍ਹਾਂ ਨੂੰ ਪਾਲਣਹਾਰ ਕਿਹਾ ਜਾਂਦਾ ਹੈ। ਦੁਨੀਆ ਭਰ ਵਿਚ ਪਿਤਾ ਨੂੰ ਸਨਮਾਨਿਤ ਕਰਨ, ਉਨ੍ਹਾਂ ਨੂੰ ਸ਼ਰਧਾਂਜਲੀ ਦੇਣ ਤੇ ਧੰਨਵਾਦ ਦੇਣ ਲਈ ਫਾਦਰਜ਼ ਡੇਅ ਮਨਾਇਆ ਜਾਂਦਾ ਹੈ। ਸਭ ਤੋਂ ਪਹਿਲਾਂ ਫਾਦਰਜ਼ ਡੇਅ ਪੱਛਮੀ ਵਰਜ਼ੀਨੀਆ ਦੇ ਫੇਅਰਮੌਂਟ 'ਚ 5 ਜੁਲਾਈ, 1908 ਨੂੰ ਮਨਾਇਆ ਗਿਆ ਸੀ।

ਵਰਲਡ ਪੰਜਾਬੀ ਨਿਊਜ਼ ਵਿੱਚ ਪ੍ਰਕਾਸ਼ਿਤ ਹੋਣ ਵਾਲੇ ਲੇਖ ਅਤੇ ਰਚਨਾਵਾਂ ਲੇਖਕਾਂ ਦੇ ਨਿੱਜੀ ਵਿਚਾਰ ਹੋ ਸਕਦੇ ਹਨ। ਇਹਨਾਂ ਨਾਲ ਸੰਪਾਦਕ ਅਤੇ 'ਵਰਲਡ ਪੰਜਾਬੀ ਨਿਊਜ਼' ਅਦਾਰੇ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ- ਸੰਪਾਦਕ 'ਵਰਲਡ ਪੰਜਾਬੀ ਨਿਊਜ਼' ਵਿੱਚ ਪ੍ਰਕਾਸ਼ਿਤ ਹੋਣ ਵਾਲੇ ਵਿਗਿਆਪਨਾਂ ਦੀ ਪਰਖ ਪਾਠਕ ਖੁਦ ਕਰਨ। 'ਵਰਲਡ ਪੰਜਾਬੀ ਨਿਊਜ਼' ਅਦਾਰਾ ਇਹਨਾਂ ਪ੍ਰਤੀ ਜਿੰਮੇਵਾਰ ਨਹੀਂ ਹੋਵੇਗਾ- ਸੰਪਾਦਕ

# ਲੀਗਲ ਏਡ ਪੈਨਲ ਦਾ ਪੁਨਰ ਗਠਨ ਕੀਤਾ ਗਿਆ, ਕਈ ਨੌਜਵਾਨ ਵਕੀਲ ਕੀਤੇ ਗਏ ਪੈਨਲ ਵਿਚ ਸ਼ਾਮਲ

**ਚੰਡੀਗੜ (ਦੀਪਕ ਸਰਮਾ)** ਸਟੇਟ ਲੀਗਲ ਸਰਵਿਸ ਅਥਾਰਟੀ ਦੁਆਰਾ ਲੀਗਲ ਏਡ ਪੈਨਲ ਦਾ ਪੁਨਰ ਗਠਨ ਕੀਤਾ ਗਿਆ ਹੈ । ਪੈਨਲ ਵਿੱਚ ਚੰਡੀਗੜ ਦੇ ਕਈ ਨੌਜਵਾਨ ਵਕੀਲ ਸਾਮਲ ਕੀਤੇ ਗਏ ਹਨ । ਇਸ ਪੈਨਲ ਵਿਚ ਸਾਮਲ ਵਕੀਲ ਉਨਾਂ ਲੋਕਾਂ ਦੇ ਕੇਸ ਲੜਦੇ ਹਨ ਜੋ ਵਿੱਤੀ ਸਮੱਸਿਆਵਾਂ ਕਾਰਨ ਕਾਨੂੰਨੀ ਸਹਾਇਤਾ ਪ੍ਰਾਪਤ ਕਰਨ ਵਿਚ ਅਸਮਰੱਥ ਹਨ । ਜਿਲਾ ਬਾਰ ਐਸੋਸੀਏਸਨ ਦੇ ਪ੍ਰਧਾਨ ਐਡਵੋਕੇਟ ਭਾਗ ਸਿੰਘ ਸੁਹਾਗ ਨੇ ਕਿਹਾ ਕਿ ਲੰਬੇ ਸਮੇਂ ਤੋਂ ਲੀਗਲ ਏਡ ਪੈਨਲ ਦੇ ਪੁਨਰਗਠਨ ਲਈ ਨੌਜਵਾਨ ਵਕੀਲਾਂ ਵਜੋਂ ਮੰਗ ਕੀਤੀ ਜਾ ਰਹੀ ਸੀ । ਜਿਸ ਨੂੰ ਹੁਣ ਸਟੇਟ ਲੀਗਲ ਸਰਵਿਸ ਅਥਾਰਟੀ ਦੇ ਕਾਰਜਕਾਰੀ ਚੇਅਰਮੈਨ ਜਸਟਿਸ ਜਸਵੰਤ ਸਿੰਘ ਨੇ ਮਨਜੂਰੀ ਦੇ ਦਿੱਤੀ ਹੈ । ਉਨਾਂ ਇਸ ਉਪਰਾਲੇ ਲਈ ਜਸਟਿਸ ਜਸਵੰਤ ਸਿੰਘ, ਜਲਿਾ ਤੇ ਸੈਸਨ ਜੱਜ ਗੁਰਬੀਰ ਸਿੰਘ ਅਤੇ ਸਕੱਤਰ ਜਲਿਾ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਸੇਕ੍ਰੇਟਰੀ ਅਸੋਕ ਕੁਮਾਰ ਮਾਨ ਦਾ ਧੰਨਵਾਦ ਕੀਤਾ । ਪ੍ਰਧਾਨ ਭਾਗ ਸਿੰਘ ਸੁਹਾਗ ਨੇ ਕਿਹਾ ਕਿ ਡੀ.ਐਲ.ਐਸ.ਏ ਦਾ ਇਹ ਫੈਸਲਾ ਬਹੁਤ ਸਾਰੇ ਨੌਜਵਾਨਾਂ ਦਾ ਭਵਿੱਖ ਸੁਨਹਿਰੀ ਬਣਾ ਦੇਵੇਗਾ । ਉਨਾਂ ਕਿਹਾ ਕਿ ਕਈ ਸਾਲਾਂ ਤੋਂ ਵਕੀਲਾਂ ਵੱਲੋਂ ਲੀਗਲ ਏਡ ਪੈਨਲ ਨੂੰ ਮੁੜ ਗਠਿਤ ਕਰਨ ਦੀ ਮੰਗ ਕੀਤੀ ਜਾ ਰਹੀ ਸੀ ਜਿਸ ਨੂੰ ਹੁਣ ਜਾਕੇ ਹਰੀ ਝੰਡੀ ਦਿਖਾ ਦਿੱਤੀ ਗਈ ਹੈ । ਉਨਾਂ ਕਿਹਾ ਕਿ ਜਲਿਾ ਅਦਾਲਤ ਵਿੱਚ ਵੱਡੀ ਗਿਣਤੀ ਵਿੱਚ ਨੌਜਵਾਨ ਵਕੀਲ ਹਨ ਅਤੇ ਇਸ ਫੈਸਲੇ ਨਾਲ ਉਹ ਸਬ ਫੁਲੇ ਨਹੀਂ ਸਮਾ ਰਹੇ । ਲੀਗਲ ਏਡ ਪੈਨਲ ਦੇ ਪੁਨਰਗਠਨ ਤੋਂ ਲੋਕਾਂ ਨੂੰ ਵੀ ਫਾਇਦਾ ਹੋਏਗਾ । ਅਜੇ ਵੀ ਇਕ ਵੱਡਾ ਹਿੱਸਾ ਹੈ ਜੋ ਮੁਕੱਦਮੇ ਦਾ ਖਰਚ ਨਹੀਂ ਚੱਕ ਸਕਦਾ । ਲੀਗਲ ਏਡ ਪੈਨਲ ਦੇ ਪੁਨਰਗਠਨ ਨਾਲ, ਮੈਂਬਰਾਂ ਦੀ ਗਿਣਤੀ ਵੀ ਵਧੇਗੀ, ਤਾਂ ਜੋ ਲੋਕ ਅਸਾਨੀ ਨਾਲ ਕੇਸ ਲੜਨ ਲਈ ਵਕੀਲ ਪ੍ਰਾਪਤ ਕਰ ਸਕਣ ।

# ਕੇਂਦਰ ਅੜੀਅਲ ਵਤੀਰਾ ਛੱਡ ਕੇ ਕਿਸਾਨਾਂ ਨਾਲ ਗੱਲਬਾਤ ਕਰੇ : ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ

**ਮਹਿਤਾ ਚੌਕ / ਅੰਮ੍ਰਿਤਸਰ (ਕੁਲਵੰਤ ਸਿੰਘ ਵਿਰਦੀ )** ਦਮਦਮੀ ਟਕਸਾਲ ਦੇ ਮੁਖੀ ਅਤੇ ਸੰਤ ਸਮਾਜ ਦੇ ਪ੍ਰਧਾਨ ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ ਨੇ ਕਿਹਾ ਕਿ ਮੋਦੀ ਸਰਕਾਰ ਨੂੰ ਕਿਸਾਨਾਂ ਪ੍ਰਤੀ ਅੜੀਅਲ ਵਤੀਰਾ ਤਿਆਗਦਿਆਂ ਕਿਸਾਨ ਮਸਲਿਆਂ ਦੇ ਸਥਾਈ ਹੱਲ ਲਈ ਕਿਸਾਨ ਆਗੂਆਂ ਦੀ ਤੁਰੰਤ ਮੀਟਿੰਗ ਬੁਲਾਉਣੀ ਚਾਹੀਦੀ ਹੈ। ਦਮਦਮੀ ਟਕਸਾਲ ਦੇ ਹੈੱਡ ਕੁਆਟਰ ਵਿਖੇ ਦਮਦਮੀ ਟਕਸਾਲ ਦੇ ਮੁਖੀ ਨਾਲ ਮੁਲਾਕਾਤ ਕਰਨ ਆਏ ਸੰਤ ਬਾਬਾ ਜਸਪਾਲ ਸਿੰਘ ਮੰਜੀ ਸਾਹਿਬ ਕਾਰਸੇਵਾ ਚਮਰੰਗ ਰੋਡ ਅਤੇ ਫੈਡਰੇਸ਼ਨ ਦੇ ਸਾਬਕਾ ਆਗੂ ਭਾਈ ਇਕਬਾਲ ਸਿੰਘ ਤੁੰਗ ਨਾਲ ਕਿਸਾਨੀ ਮਾਮਲਿਆਂ 'ਤੇ ਡੂੰਘੀਆਂ ਵਿਚਾਰਾਂ ਕੀਤੀਆਂ। ਇਸ ਬਾਰੇ ਪ੍ਰੋ: ਸਰਚਾਂਦ ਸਿੰਘ ਵਲੋਂ ਦਿਤੀ ਜਾਣਕਾਰੀ 'ਚ ਦਮਦਮੀ ਟਕਸਾਲ ਦੇ ਮੁਖੀ ਨੇਂ ਬਾਬਾ ਜਸਪਾਲ ਸਿੰਘ ਵੱਲੋਂ ਕਿਸਾਨੀ ਸੰਘਰਸ਼ ਦੀ ਫ਼ਤਿਹਯਾਬੀ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਹਿਜ ਪਾਠਾਂ ਦੀ ਲੜੀ ਆਰੰਭ ਕਰਦਿਆਂ ਗੁਰੂ ਸਾਹਿਬ ਦਾ ਓਟ ਆਸਰਾ ਲੈਣ ਦੀ ਸ਼ਲਾਘਾ ਕੀਤੀ। ਉਨ੍ਹਾਂ ਅਫ਼ਸੋਸ ਪ੍ਰਗਟ ਕਰਦਿਆਂ ਕਿਹਾ ਕਿ ਖੇਤੀ ਬਾਰੇ ਕਾਲੇ ਕਾਨੂੰਨਾਂ ਨੂੰ ਰੱਦ ਕਰਨ ਪ੍ਰਤੀ ਕਿਸਾਨਾਂ ਦੀ ਮੰਗ 'ਤੇ ਕੇਂਦਰ ਸਰਕਾਰ ਵੱਲੋਂ ਸਾਰਥਿਕ ਹੁੰਗਾਰਾ ਨਹੀਂ ਭਰਿਆ ਜਾ ਰਿਹਾ। ਖੇਤੀ ਕਾਨੂੰਨਾਂ ਨੂੰ ਰੱਦ ਕਰਵਾਉਣ ਲਈ ਪੰਜਾਬ, ਹਰਿਆਣਾ ਅਤੇ ਪੱਛਮੀ ਉੱਤਰ ਪ੍ਰਦੇਸ਼ ਦੇ ਵੱਡੀ ਗਿਣਤੀ 'ਚ ਕਿਸਾਨ ਪਿਛਲੇ 7 ਮਹੀਨਿਆਂ ਤੋਂ ਦਿੱਲੀ ਦੀਆਂ ਸਰਹੱਦਾਂ 'ਤੇ ਵਿਰੋਧ ਪ੍ਰਦਰਸ਼ਨ ਕਰਨ ਲਈ ਮਜਬੂਰ ਹਨ . ਉਨ੍ਹਾਂ ਕਿਹਾ ਕਿ ਸੁਪਰੀਮ ਕੋਰਟ ਨੇ ਖੇਤੀ ਕਾਨੂੰਨਾਂ ਨੂੰ ਲਾਗੂ ਕਰਨ 'ਤੇ ਅਗਲੇ ਆਦੇਸ਼ਾਂ ਤੱਕ ਰੋਕ ਲਗਾਈ ਹੋਈ ਹੈ ਫਿਰ ਵੀ ਕੇਂਦਰ ਸਰਕਾਰ ਨੂੰ ਗੱਲਬਾਤ 'ਚ ਆਈ ਖੜੋਤ ਨੂੰ ਤੋੜਦਿਆਂ ਕਿਸਾਨੀ ਮਸਲੇ ਦੇ ਸਥਾਈ ਹੱਲ ਲਈ ਪ੍ਰਦਰਸ਼ਨ ਕਰ ਰਹੇ ਕਿਸਾਨ ਸੰਗਠਨਾਂ ਨਾਲ ਫਿਰ ਤੋਂ ਗੱਲਬਾਤ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਖੇਤੀ ਕਾਨੂੰਨਾਂ ਦੇ ਲਾਗੂ ਹੋਣ ਨਾਲ ਮੰਡੀਆਂ ਅਤੇ ਘੱਟੋ-ਘੱਟ ਸਮਰਥਨ ਮੁੱਲ ਦੀ ਵਿਵਸਥਾ ਸਮਾਪਤ ਹੋ ਜਾਣ ਦੇ ਕਿਸਾਨਾਂ ਦੇ ਖਦਸ਼ੇ ਦੂਰ ਕੀਤੇ ਜਾਣੇ ਚਾਹੀਦੇ ਹਨ। ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ ਨੇ ਸਮਾਜ ਦੇ ਹਰੇਕ ਵਰਗ ਨੂੰ ਕੇਂਦਰੀ ਖੇਤੀ ਕਾਨੂੰਨਾਂ ਦੇ ਵਿਰੁੱਧ ਲੜਾਈ ਲੜ ਰਹੇ ਸੰਘਰਸ਼ਸ਼ੀਲ ਕਿਸਾਨਾਂ ਨਾਲ ਇੱਕਜੁੱਟਤਾ ਦਾ ਪ੍ਰਗਟਾਵਾ ਕਰਨ, ਕਾਲੇ ਕਾਨੂੰਨਾਂ ਖ਼ਿਲਾਫ਼ ਆਵਾਜ਼ ਬੁਲੰਦ ਕਰਦਿਆਂ ਕੇਂਦਰ ਸਰਕਾਰ ਦਾ ਡਟ ਕੇ ਵਿਰੋਧ ਕਰਨ ਅਤੇ ਕਿਸਾਨ ਮੋਰਚੇ 'ਚ ਹਿੱਸਾ ਬਣ ਕੇ ਕਿਸਾਨਾਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਅੰਦੋਲਨ ਨੂੰ ਮਜ਼ਬੂਤੀ ਪ੍ਰਦਾਨ ਕਰਨ ਦੀ ਅਪੀਲ ਕੀਤੀ ਹੈ। ਉਨ੍ਹਾਂ ਕਿਹਾ ਕਿ ਸਿੱਖ ਗੁਰੂ ਸਾਹਿਬਾਨ ਦੀ ਸਿੱਖਿਆ ਸਾਨੂੰ ਹੱਕ ਸੱਚ ਅਤੇ ਅਧਿਕਾਰਾਂ ਲਈ ਲੜਨ ਲਈ ਪ੍ਰੇਰਦੇ ਹਨ। ਉਨ੍ਹਾਂ ਕਿਹਾ ਕਿ ਸਿੱਖ ਪੰਥ ਨੇ ਦੇਸ਼ ਦੀ ਅਜ਼ਾਦੀ ਲਈ ਵੱਡੀਆਂ ਕੁਰਬਾਨੀਆਂ ਕੀਤੀਆਂ ਹਨ। ਕਿਸਾਨ ਮੰਗਾਂ ਦੀ ਪੂਰਤੀ ਲਈ ਦਮਦਮੀ ਟਕਸਾਲ ਕਿਸਾਨਾਂ ਨਾਲ ਖੜੀ ਹੈ। ਕਿਸਾਨੀ ਨੂੰ ਬਚਾਉਣ ਲਈ ਹਰ ਸੰਭਵ ਕੋਸ਼ਿਸ਼ ਕੀਤੀ ਜਾਵੇਗੀ। ਉਨ੍ਹਾਂ ਕਿਸਾਨਾਂ ਨੂੰ ਸੰਜਮ 'ਚ ਰਹਿ ਕੇ ਸੰਘਰਸ਼ ਜਾਰੀ ਰੱਖਣ ਦੀ ਅਪੀਲ ਕੀਤੀ। ਇਸ ਮੌਕੇ ਪ੍ਰੋ: ਸਰਚਾਂਦ ਸਿੰਘ ਵੀ ਮੌਜੂਦ ਸਨ।



**ਦਮਦਮੀ ਟਕਸਾਲ ਦੇ ਮੁੱਖ ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ ਵੱਲੋਂ ਸੰਤ ਬਾਬਾ ਜਸਪਾਲ ਸਿੰਘ ਮੰਜੀ ਸਾਹਿਬ ਅਤੇ ਇਕਬਾਲ ਸਿੰਘ ਤੁੰਗ ਨੂੰ ਸਨਮਾਨਿਤ ਕਰਦੇ ਹੋਏ ਉਨ੍ਹਾਂ ਨਾਲ ਪ੍ਰੋ: ਸਰਚਾਂਦ ਸਿੰਘ।**

# ਵੱਖ -ਵੱਖ ਖਾਣ ਪੀਣ ਵਾਲੀਆਂ ਥਾਵਾਂ ਤੋਂ ਖਾਣ ਪੀਣ ਵਾਲੀਆਂ ਵਸਤੂਆਂ ਦੇ ਸੈਂਪਲ ਲਏ ਗਏ

**ਫਿਰੋਜ਼ਪੁਰ ( ਅਸ਼ੋਕ ਭਾਰਦਵਾਜ)** ਮਿਸ਼ਨ ਤੰਦਰੁਸਤ ਪੰਜਾਬ ਮੁਹਿੰਮ ਦੇ ਤਹਿਤ ਸਿਵਲ ਸਰਜਨ ਫਿਰੋਜਪੁਰ ਡਾ:ਰਜਿੰਦਰ ਰਾਜ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ ਡਾ:ਸੱਤਪਾਲ ਭਗਤ ਡੈਜੀਗਨੇਟਿਡ ਅਫਸਰ ਅਤੇ ਫੂਡ ਸੇਫਟੀ ਅਫਸਰ ਸ਼੍ਰੀ ਹਰਵਿੰਦਰ ਸਿੰਘ ਵੱਲੋਂ ਫਿਰੋਜਪੁਰ ਸ਼ਹਿਰ ਦੇ ਵੱਖਵੱਖ ਖਾਣਪੀਣ ਵਾਲੇ ਰੈਸਟੋਰੈਂਟ, ਢਾਬੇ ਅਤੇ ਬੇਕਰੀਆਂ ਦੀ ਚੈਕਿੰਗ ਕੀਤੀ ਗਈ ਅਤੇ ਖਾਣਪੀਣ ਵਾਲੀਆਂ ਵਸਤੂਆਂ ਦੇ ਸੈਂਪਲ ਵੀ ਲਏ ਗਏ। ਡੈਜੀਗਨੇਟਿਡ ਅਫਸਰ ਡਾ:ਸੱਤਪਾਲ ਭਗਤ ਅਤੇ ਫੂਡ ਸੇਫਟੀ ਅਫਸਰ ਸ਼੍ਰੀ ਹਰਵਿੰਦਰ ਸਿੰਘ ਨੇ ਦੱਸਿਆ ਕਿ ਚੈਕਿੰਗ ਦੌਰਾਨ 6 ਵਸਤੂਆਂ ਦੇ ਸੈਂਪਲ ਭਰਕੇ ਪਰਖਣ ਵਾਸਤੇ ਲੈਬ ਵਿੱਚ ਭੇਜ ਗਏ। ਉਨ੍ਹਾਂ ਦੱਸਿਆ ਕਿ ਸੈਂਪਲਾਂ ਦੀ ਰਿਪੋਰਟ ਆਉਣ ਤੇ ਫੂਡ ਸੇਫਟੀ ਅਤੇ ਸਟੈਂਡਰਡ ਐਕਟ 2006 ਦੇ ਰੂਲਜ਼ 2011 ਤਹਿਤ ਅਗਲੇਰੀ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਕੋਵਿੰਡ19 ਦੇ ਚਲਦੇ ਖਾਣਪੀਣ ਦਾ ਖਾਸ ਧਿਆਨ ਰੱਖਿਆ ਜਾਵੇ ਤਾਂ ਜੋ ਬਿਮਾਰੀ ਤੋਂ ਬਚਿਆ ਜਾ ਸਕੇ । ਇਸ ਦੌਰਾਨ ਉਨ੍ਹਾਂ ਕੋਵਿਡ19 ਦੀ ਰੋਕਥਾਮ ਲਈ ਦੁਕਾਨਦਾਰਾਂ ਅਤੇ ਦੁਕਾਨ ਤੇ ਕੰਮ ਕਰਨ ਵਾਲੇ ਮੁਲਾਜ਼ਮਾਂ ਨੂੰ ਵੈਕਸੀਨੇਸ਼ਨ ਕਰਾਉਣ ਦੀ ਸਖਤ ਹਦਾਇਤ ਕੀਤੀ।



# ਕੌਂਸਲਰ ਜੋਤੀ ਅਰੋੜਾ ਦੇ ਜਨਮ ਦਿਨ ਤੇ ਨਗਰ ਕੌਂਸਲ ਦਫਤਰ ਵਿਖੇ ਬੂਟੇ ਲਗਾਏ

**ਕਰਤਾਰਪੁਰ (ਜਸਵੰਤ ਵਰਮਾ,ਦਿਨੇਸ਼ ਕੁਮਾਰ)** ਕਰਤਾਰਪੁਰ ਦੇ ਵਾਰਡ ਨੰਬਰ 4 ਤੋਂ ਕੌਂਸਲਰ ਜੋਤੀ ਅਰੋੜਾ ਦਾ ਜਨਮ ਦਿਨ ਨਗਰ ਕੌਂਸਲ ਦਫਤਰ ਵਿਖੇ ਫਲਦਾਰ ਅਤੇ ਛਾਂ ਦਾਰ ਬੂਟੇ ਲਗਾ ਕੇ ਮਨਾਇਆ ਗਿਆ। ਇਸ ਤੋ ਪਹਿਲਾਂ ਉਨ੍ਹਾਂ ਨੂੰ ਫੁੱਲਾਂ ਦਾ ਗੁਲਦਸਤਾ ਦੇ ਕੇ ਸਾਰਿਆਂ ਨੇ ਵਧਾਈ ਦਿੱਤੀ। ਇਸ ਮੋਕੇ ਨਗਰ ਕੌਂਸਲ ਦੇ ਪ੍ਰਧਾਨ ਪ੍ਰਿੰਸ ਅਰੋੜਾ, ਮਾਰਕੀਟ ਕਮੇਟੀ ਜਲੰਧਰ ਦੇ ਚੇਅਰਮੈਨ ਰਾਜ ਕੁਮਾਰ ਅਰੋੜਾ, ਸਿਟੀ ਕਾਂਗਰਸ ਦੇ ਪ੍ਰਧਾਨ ਵੇਦ ਪ੍ਰਕਾਸ਼, ਕੌਂਸਲਰ ਡਿੰਪਲ ਕਪੂਰ, ਕੌਂਸਲਰ ਤੇਜਪਾਲ ਸਿੰਘ ਤੇਜੀ, ਕੌਂਸਲਰ ਅਮਰਜੀਤ ਕੌਰ, ਕੌਂਸਲਰ ਸ਼ਾਮ ਸੁੰਦਰ,ਨੀਤੀਨ ਅਗਰਵਾਲ, ਗੁਰਦੀਪ ਸਿੰਘ ਮਿੰਟੂ, ਨਾਥੀ ਸਨੋਤਰਾ, ਮੁਕੇਸ਼ ਟੋਨੀ, ਰਜੇਸ਼ ਰੈਨੀ, ਸੰਕਲਪ ਕੁਮਾਰ, ਸਰੂਪ ਸਿੰਘ ਕੁੱਦੋਵਾਲ, ਮਮਤਾ ਸ਼ਰਮਾ, ਗੱਗੂ, ਲਖਵਿੰਦਰ ਸਿੰਘ, ਨੀਸ਼ੂ ਵਿੱਜ, ਅਰੋਹਿਤ ਖੋਸਲਾ ਆਦਿ ਹਾਜਰ ਸੀ।



# ਪਿੰਡ ਦਿਆਲਪੁਰ ਵਿਖੇ ਨੇਕੀ ਦੀ ਦੁਕਾਨ ਦੇ ਸਹਿਯੋਗ ਨਾਲ ਬੂਟੇ ਲਗਾਏ ਗਏ

## ਨੇਕੀ ਦੀ ਦੁਕਾਨ ਵੱਲੋਂ ਵਾਤਾਵਰਣ ਪ੍ਰੇਮੀਆਂ ਨੂੰ ਵੰਡੇ ਸਰਟੀਫਿਕੇਟ

**ਕਰਤਾਰਪੁਰ (ਜਸਵੰਤ ਵਰਮ,ਦਿਨੇਸ਼ ਕੁਮਾਰ )**ਸਮਾਜਸੇਵੀ ਸੰਸਥਾ ਨੇਕੀ ਦੀ ਦੁਕਾਨ ਕਰਤਾਰਪੁਰ ਵੱਲੋਂ ਚਲਾਈ ਜਾ ਰਹੀ ਲਹਿਰ " ਪੌਦੇ ਲਗਾਓ , ਵਾਤਾਵਰਨ ਬਚਾਓ " ਨੂੰ ਅੱਗੇ ਤੋਰਦਿਆਂ ਅੱਜ ਨਵਾਂ ਪਿੰਡ ਦਿਆਲਪੁਰ (ਕਪੂਰਥਲਾ) ਅਤੇ ਪਿੰਡ ਦਿਆਲਪੁਰ (ਜਲੰਧਰ) ਵਿਖੇ ਪਿੰਡਾਂ ਦੀ ਪੰਚਾਇਤਾਂ ਅਤੇ ਪੱਤਰਕਾਰ ਭਾਈਚਾਰੇ ਨਾਲ ਮਿਲ ਕੇ ਫਲਦਾਰ ਅਤੇ ਛਾਂਦਾਰ ਪੌਦੇ ਲਗਾਏ ਗਏ। ਇਸ ਮੌਕੇ ਸੰਸਥਾ ਦੇ ਮਾਸਟਰ ਅਮਰੀਕ ਸਿੰਘ ਨੇ ਵਾਤਾਵਰਨ ਪ੍ਰਤੀ ਅਖਬਾਰਾਂ ਰਾਹੀਂ ਲੋਕਾਂ ਨੂੰ ਜਾਗਰੂਕ ਕਰਦਿਆਂ ਇਸ ਮੁਹਿੰਮ ਨੂੰ ਭਰਵਾਂ ਹੁਲਾਰਾ ਦੇਣ ਲਈ ਜਿੱਥੇ ਪੱਤਰਕਾਰ ਭਾਈਚਾਰੇ ਦਾ ਧੰਨਵਾਦ ਕੀਤਾ ਉੱਥੇ ਹੀ ਪਿੰਡਾ ਦੀਆਂ ਪੰਚਾਇਤਾਂ ਵੱਲੋਂ ਦਿੱਤੇ ਜਾ ਰਹੇ ਸਹਿਯੋਗ ਲਈ ਸਰਪੰਚਾ, ਪੰਚਾ ਦਾ ਧੰਨਵਾਦ ਕੀਤਾ। ਇਸ ਮੌਕੇ ਪੱਤਰਕਾਰ ਸ਼੍ਰੀ ਰਾਕੇਸ਼ ਪੁੰਜ, ਹਰਮੇਸ਼ ਦੱਤ, ਸੁਰਿੰਦਰ ਸਿੰਘ ਪੱਡਾ, ਸੁਖਵਿੰਦਰ ਸੋਹੀ, ਅਰੁਣ ਸ਼ਰਮਾ, ਜਸਵੰਤ ਵਰਮਾ ਤੋਂ ਇਲਾਵਾ ਰਾਜਵਿੰਦਰ ਕੌਰ ( ਸਰਪੰਚ ਨਵਾਂ ਪਿੰਡ ਦਿਆਲਪੁਰ),ਸ ਹਰਜਿੰਦਰ ਸਿੰਘ ਰਾਜਾ ( ਸਰਪੰਚ ਦਿਆਲਪੁਰ) , ਨਵੀਨ ਮਰਵਾਹਾ (ਮੈਂਬਰ ਪੰਚਾਇਤ), ਮੇਲਿਆਂ ਦੇ ਬਾਦਸ਼ਾਹ ਦਲਵਿੰਦਰ ਦਿਆਲਪੁਰੀ ,ਸਮਾਜਸੇਵੀ ਸ ਸੁਖਦੇਵ ਸਿੰਘ , ਅਸ਼ਵਨੀ ਸੇਠ (ਮੈਂਬਰ ਪੰਚਾਇਤ) , ਜਗੀਰ ਸਿੰਘ ਸਾਬਕਾ ਪ੍ਰਧਾਨ, ਜਗਜੀਤ ਸਿੰਘ, ਨਿਸ਼ਾਂਤ ਵਰਮਾ,ਆਦਿ ਹਾਜ਼ਰ ਸਨ। ਪੌਦੇ ਲਗਾ ਕੇ ਪੌਦਿਆਂ ਨੂੰ ਸੰਭਾਲਣ ਦੀ ਜਿੰਮੇਵਾਰੀ ਦਾ ਵਿਸ਼ਵਾਸ ਸਾਰਿਆਂ ਵੱਲੋਂ ਦਿਵਾਇਆ ਗਿਆ।



ਇਸ ਮੌਕੇ ਵਾਤਾਵਰਨ ਸ਼ੁਧਤਾ ਵਿੱਚ ਆਪਣਾ ਹਿੱਸਾ ਪਾਉਣ ਅਤੇ ਪੌਦੇ ਲਗਾਉਣ ਤੇ ਸੰਸਥਾ ਵੱਲੋਂ ਵਾਤਾਵਰਨ ਪ੍ਰੇਮੀਆਂ ਨੂੰ ਸਰਟੀਫਿਕੇਟ ਨਾਲ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ।

# ਭਾਰੀ ਗਿਣਤੀ ਵਿੱਚ ਲੋਕ 'ਆਪ' 'ਚ ਸਾਮਲ

**ਕਰਤਾਰਪੁਰ (ਜਸਵੰਤ ਵਰਮਾ, ਦਿਨੇਸ਼ ਕੁਮਾਰ)** : ਸਾਬਕਾ ਡੀ ਸੀ ਪੀ ਸ: ਬਲਕਾਰ ਸਿੰਘ ਜਦੋਂ ਦੇ ਆਮ ਆਦਮੀ ਪਾਰਟੀ ਵਿੱਚ ਸਾਮਲ ਹੋਏ ਹਨ ਉਦੋਂ ਤੋਂ ਲੈ ਕੇ ਹੁਣ ਤੱਕ ਆਮ ਜਨਤਾ ਦਾ ਉਨਾ ਨੂੰ ਬਹੁਤ ਹੀ ਭਰਵਾ ਹੁੰਗਾਰਾ ਮਿਲ ਰਿਹਾ ਹੈ ਕਿਉਂਕਿ ਸ: ਬਲਕਾਰ ਸਿੰਘ ਆਮ ਜਨਤਾ ਦੇ ਨਾਲ ਹੇਠਲੇ ਪੱਧਰ ਤੇ ਜੁੜੇ ਹੋਏ ਹਨ ਉਨਾ ਦਾ ਸਮਾਜ ਵਿੱਚ ਅਕਸ ਬਹੁਤ ਹੀ ਵਧੀਆਂ ਹੈ ਉਨਾ ਨੂੰ ਹਰ ਇੱਕ ਵਰਗ ਬਹੁਤ ਹੀ ਮਾਨ ਤੇ ਸਤਿਕਾਰ ਦਿੰਦਾ ਹੈ। ਅਰਵਿੰਦ ਕੇਜਰੀਵਾਲ ਨੇ ਜੋ ਦਿੱਲੀ ਵਿੱਚ ਸਿੱਖਿਆ , ਹੈਲਥ , ਤੇ ਗਰੀਬ ਵਰਗਾ ਨੂੰ ਹਰ ਸਹੂਲਤਾਂ ਘਰ ਬੈਠੇ ਹੀ ਦੇ ਰਹੇ ਹਨ ਉਸ ਤੋਂ ਪ੍ਰਭਾਵਿਤ ਹੋ ਕੇ ਹੀ ਅੱਜ ਹਲਕਾ ਕਰਤਾਰਪੁਰ ਦੇ ਲੋਕ ਸ: ਬਲਕਾਰ ਸਿੰਘ ਜੀ ਦੇ ਨਾਲ ਤਨ ਮਨ ਧਨ ਨਾਲ ਜੁੜ ਰਹੇ ਹਨ। ਅੱਜ ਮੈਡਮ ਰਾਜਵਿੰਦਰ ਕੌਰ ਮਹਿਲਾ ਵਿੰਗ ਪੰਜਾਬ ਇੰਚਾਰਜ , ਪ੍ਰਿੰਸੀ: ਪ੍ਰੇਮ ਕੁਮਾਰ ਦਿਹਾਤੀ ਪ੍ਰਧਾਨ ਜਲੰਧਰ, ਵਿਸਬਿੰਦਰ ਸਿੰਘ ਅਬਜਰਬਰ ਐਮ .ਪੀ ਸੀਟ ਜਲੰਧਰ, ਸੁਰਿੰਦਰ ਸਿੰਘ ਸੋਢੀ ਸ਼ਹਿਰੀ ਪ੍ਰਧਾਨ, ਸੁਰਿੰਦਰ ਪਾਲ ਕੌਂਸਲਰ (ਸਾਬਕਾ ਸੈਕਟਰ ਇੰਚਾਰਜ), ਗੁਰਪਾਲ ਸਿੰਘ ਸਾਬਕਾ ਹਲਕਾ ਇੰਚਾਰਜ, ਸੰਤੋਖ ਸਿੰਘ ਨੰਦਰਾ, ਪ੍ਰੇਮ ਕੁਮਾਰ ਦਿਹਾਤੀ ਪ੍ਰਧਾਨ, ਉਨਾ ਦੀ ਹਾਜ਼ਰੀ ਵਿੱਚ ਹਲਕੇ ਦੇ ਭਾਰੀ ਗਿਣਤੀ ਵਿੱਚ ਨੌਜਵਾਨ ਆਮ ਆਦਮੀ ਪਾਰਟੀ ਵਿੱਚ ਸਾਮਲ ਹੋਏ ਜਿੰਨਾ ਵਿੱਚ ਰਿਟਾ: ਪੁਲਿਸ ਇੰਸਪੈਕਟਰ ਸੁਭਾਸ਼ ਚੰਦਰ ਪਿੰਡ ਖਾਨਕੇ, ਡਾ. ਕਮਲ ਮਸੀਹ ਕਾਂਗਰਸ ਕ੍ਰਿਸ਼ਚਨ ਸ਼ੈਲ ਚੇਅਰਮੈਨ ਜਿਲਾ ਜਲੰਧਰ, ਤਿਰਲੋਚਨ ਸਿੰਘ ਨਿਊਜੀਲੈਂਡ , ਸੀਲਾ ਦੇਵੀ ਸਾਬਕਾ ਸਰਪੰਚ ਨੰਦਨਪੁਰ, ਗੁਰਦੇਵ ਸਿੰਘ, ਜਗਵਿੰਦਰ ਕੌਰ ਨੰਦਨਪੁਰ, ਕਰਤਾਰਪੁਰ, ਅੰਬਗੜ, ਦੁੱਗਰੀ, ਚਾੜਕੇ, ਗੱਦੋਵਾਲੀ, ਫਤਿਹਜਲਾਲ, ਰੰਧਾਵਾ ਮਸੰਦਾ, ਬੁਲੰਦਪੁਰ, ਗੁੱਜਰਪੁਰਾ ਆਦਿ ਪਿੰਡਾਂ ਤੋਂ ਉਨਾ ਨਾਲ ਆਏ ਭਾਰੀ ਗਿਣਤੀ ਵਿੱਚ ਸਾਥੀ ਆਪ ਪਾਰਟੀ ਵਿੱਚ ਸਾਮਲ ਹੋਏ। ਇਸ ਮੌਕੇ ਪਾਰਟੀ ਦੀ ਹਾਈ ਕਮਾਡ ਤੋ ਇਲਾਵਾ ਅਮਰਜੀਤ ਸਿੰਘ ਭੱਗੋ , ਡਾ ਕਮਲ ਮਸੀਹ, ਪ੍ਰੇਮ ਪ੍ਰਕਾਸ ਦੁੱਗਰੀ, ਇੰਸ: ਮਨੋਹਰ ਲਾਲ, ਗਿਆਨ ਚੰਦ ਮੱਲ, ਬੀਰ ਚੰਦ ਸੁਰੀਲਾ, ਸੁਰੇਸ ਕਲੇਰ ਆਦਿ ਨੇ ਵੀ ਭਾਰੀ ਇਕੱਠ ਨੂੰ ਸੰਬੋਧਨ ਕੀਤਾ।



# ਦਿੱਲੀ ਹਾਈ ਕੋਰਟ ਨੇ ਕਿਹਾ: ਕੋਰੋਨਾ ਦੀ ਤੀਸਰੀ ਲਹਿਰ ਤੋਂ ਬਚਣ ਲਈ ਦਿੱਲੀ ਸਰਕਾਰ ਪੱਕੇ ਪ੍ਰਬੰਧ ਕਰੇ

**ਨਵੀਂ ਦਿੱਲੀ।** ਕੋਰੋਨਾ ਮਹਾਮਾਰੀ ਦੌਰਾਨ ਦਿੱਲੀ ਦੇ ਬਾਜ਼ਾਰਾਂ ਵਿੱਚ ਨਿਯਮਾਂ ਦੇ ਉਲੰਘਣ ਉੱਤੇ ਦਿੱਲੀ ਹਾਈ ਕੋਰਟ ਸਖ਼ਤ ਹੋ ਗਈ ਹੈ। ਕੋਰਟ ਨੇ ਵ੍ਹਟਸਐਪ ਉੱਤੇ ਜਾਰੀ ਹੋਇਆਂ ਕੁਝ ਤਸਵੀਰਾਂ ਦੇਖ ਕੇ ਖੁਦ ਨੋਟਿਸ ਲੈਂਦੇ ਹੋਏ ਦਿੱਲੀ ਸਰਕਾਰ ਤੋਂ ਸਟੇਟਸ ਰਿਪੋਰਟ ਮੰਗੀ ਹੈ। ਬਾਜ਼ਾਰਾਂ ਵਿੱਚ ਕੋਰੋਨਾ ਨਿਯਮਾਂ ਦਾ ਪਾਲਨ ਨਾ ਕਰਨ ਉੱਤੇਹਾਈ ਕੋਰਟ ਨੇ ਸਖ਼ਤੀ ਦਿਖਾਉਂਦੇ ਹੋਏ ਕਿਹਾ ਕਿ ਇਸ ਕੇਸ ਵਿੱਚ ਸਾਰੀਆਂ ਏਜੈਂਸੀਆਂ ਨੂੰ ਕਰੜੇ ਕਦਮ ਉਠਾਉਣ ਦੀ ਜ਼ਰੂਰਤ ਹੈ। ਜੇ ਕਰੜੇ ਪ੍ਰਬੰਧ ਨਾ ਕੀਤੇ ਗਏ ਤਾਂ ਕੋਰੋਨਾ ਦੀ ਤੀਸਰੀ ਲਹਿਰ ਆ ਜਾਵੇਗੀ। ਹਾਈ ਕੋਰਟ ਨੇ ਕਿਹਾ ਕਿ ਕੋਰੋਨਾ ਮਹਾਮਾਰੀ ਦੌਰਾਨ ਨਿਯਮਾਂ ਦਾ ਪਾਲਣ ਕਰਨਾ ਬਹੁਤ ਜ਼ਰੂਰੀ ਹੈ। ਪ੍ਰੋਟੋਕਾਲ ਦੇ ਇਸ ਤਰ੍ਹਾਂ ਦੇ ਉਲੰਘਨ ਨਾਲ ਕੋਰੋਨਾ ਦੀ ਤੀਸਰੀ ਲਹਿਰ ਤੇਜ਼ ਹੋ ਜਾਵੇਗੀ। ਇਸ ਦੀ ਆਗਿਆ ਬਿਲਕੁਲ ਨਹੀਂ ਦਿੱਤੀ ਜਾ ਸਕਦੀ ਹੈ। ਹਾਈ ਕੋਰਟ ਨੇ ਕਿਹਾ ਕਿ ਤਸਵੀਰਾਂ ਦੇਖ ਕੇ ਪਤਾ ਲੱਗਦਾ ਹੈ ਕਿ ਬਾਜ਼ਾਰਾਂ ਵਿੱਚ ਲੋਕ ਮਾਸਕ ਨਹੀਂ ਪਾ ਰਹੇ ਅਤੇ ਸੋਸ਼ਲ ਡਿਸਟੈਂਸਿੰਗ ਦਾ ਵੀ ਪਾਲਨ ਨਹੀਂ ਕੀਤਾ ਜਾ ਰਿਹਾ। ਹਾਈ ਕੋਰਟ ਨੇ ਕਿਹਾ ਕਿ ਰਾਸ਼ਟਰੀ ਰਾਜਧਾਨੀ ਵਿੱਚ ਕੋਰੋਨਾ ਇਨਫੈਕਸ਼ਨ ਵਧਣ ਤੋਂ ਰੋਕਣ ਦੇ ਕੁਝ ਹੋਰ ਸਖ਼ਤ ਕਦਮ ਉਠਾਉਣ ਦੀ ਲੋੜ ਹੈ। ਵ੍ਹਟਸਐਪ ਉੱਤੇ ਜਾਰੀ ਕੀਤੀਆਂ ਤਸਵੀਰਾਂ ਦੇਖ ਕੇ ਹਾਈ ਕੋਰਟ ਦੇ ਜਸਟਿਸ ਨਵੀਨ ਚਾਵਲਾ ਅਤੇ ਜਸਟਿਸ ਆਸ਼ਾ ਮੇਨਨ ਦੀ ਡਿਵੀਜਨ ਬੈਂਚ ਨੇ ਖੁਦ ਇਸ ਦਾ ਨੋਟਿਸ ਲਿਆ ਹੈ। ਦਿੱਲੀ ਵਿੱਚ ਲਾਕਡਾਊਨ ਹਟਣ ਦੇ ਬਾਅਦ ਤੋਂ ਲਗਾਤਾਰ ਬਾਜ਼ਾਰਾਂ ਵਿੱਚ ਭੀੜ ਦੇਖੀ ਜਾ ਰਹੀ ਹੈ। ਕਈ ਲੋਕ ਮਾਸਕ ਤੱਕ ਨਹੀਂ ਪਾ ਰਹੇ ਅਤੇ ਸੋਸ਼ਲ ਡਿਸਟੈਂਸਿੰਗ ਦੀਆਂ ਧੱਜੀਆਂ ਉਡਾਈਆਂ ਜਾ ਰਹੀਆਂ ਹਨ, ਜਿਸ ਦੇ ਕਾਰਨ ਨਾਲ ਕੋਰੋਨਾ ਦੀ ਤੀਸਰੀ ਲਹਿਰ ਦਾ ਖ਼ਤਰਾ ਕਾਫ਼ੀ ਵੱਧ ਗਿਆ ਹੈ।




# ਗੰਗਾ ਵਿੱਚ ਰੋਜ਼ ਸੱਤ ਕਰੋੜ ਲੀਟਰ ਸੀਵਰ ਦਾ ਪ੍ਰਦੂਸ਼ਤ ਪਾਣੀ ਪੈ ਰਿਹੈ

**ਵਾਰਾਨਸੀ।** ਬਨਾਰਸ ਵਿੱਚ ਰੋਜ਼ ਸੱਤ ਕਰੋੜ ਲੀਟਰ ਸੀਵਰ ਦਾ ਪਾਣੀ ਗੰਗਾ ਵਿੱਚ ਡਿੱਗਦਾਅਤੇ ਅੱਸੀ ਅਤੇ ਸਾਮਨੇਘਾਟ ਵਰਗੇ ਸੱਤ ਵੱਡੇ ਅਤੇ 13 ਛੋਟੇ ਨਾਲਿਆਂ ਦਾ ਪਾਣੀ ਗੰਗਾ ਨੂੰ ਪ੍ਰਦੂਸ਼ਿਤ ਕਰਦਾ ਹੈ।

ਕੇਂਦਰੀ ਪ੍ਰਦੂਸ਼ਨ ਕੰਟਰੋਲ ਬੋਰਡ ਵਾਰਾਨਸੀ ਦੇ ਵਿਗਿਆਨਿਕ ਨੇ ਦੱਸਿਆ ਕਿ ਸੀਵਰ ਦਾ ਪਾਣੀ ਡਿੱਗਣ ਦੇ ਨਾਲ ਪਾਣੀ ਵਿੱਚ ਫਾਸਫੋਰਸ ਅਤੇ ਨਾਈਟ੍ਰੇਟ ਮਿਲਦਾ ਹੈ, ਜੋ ਜੀਵਾਂ ਲਈ ਖਤਰਨਾਕ ਹਨ। ਹਰੇ ਸ਼ੈਵਾਲ ਖੇਤਰ ਦੀ ਸਮੱਸਿਆ ਵੀ ਇਸੇ ਕਾਰਨ ਹੈ। ਇਸ ਉੱਤੇ ਜਲ ਨਿਗਮ ਦੇ ਚੀਫ ਇੰਜ਼ੀਨਿਅਰ ਏਕੇ ਪੁਰਵਾਰ ਦਾ ਕਹਿਣਾ ਹੈ ਕਿ ਸਾਮਨੇਘਾਟ, ਅੱਸੀ ਅਤੇ ਹੋਰ ਨਾਲਿਆਂ ਨੂੰ ਜੁਲਾਈ ਤੱਕ ਟੈਪ ਕਰ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ '688 ਕਰੋੜ ਰੁਪਏ ਦੇ ਨਮਾਮੀ ਗੰਗੇ ਪ੍ਰੋਜੇਕਟ ਦੇ ਤਹਿਤ ਸੀਵਰ ਦਾ ਪਾਣੀ ਗੰਗਾ ਵਿੱਚ ਜਾਣ ਤੋਂ ਰੋਕਣ ਲਈ ਪੰਜ ਸੀਵੇਜ ਟ੍ਰੀਟਮੇਂਟ ਪਲਾਂਟ (ਐਸ ਟੀ ਪੀ) ਦਾ ਕੰਮ 2018 ਤੱਕ ਹੋਣਾ ਸੀ। ਇਨ੍ਹਾਂ ਵਿੱਚ ਬਨਾਰਸ ਦੇ ਦੀਨਾਪੁਰ ਵਿੱਚ 140 ਅਤੇ 80 ਅਤੇ ਗੋਈਠਹਾਂ ਵਿੱਚ 120 ਐਮ ਐਲ ਡੀ ਸਮਰੱਥਾਵਾਲੇ ਐਸ ਟੀ ਪੀ (ਸੀਵੇਜ ਟ੍ਰੀਟਮੇਂਟ ਪਲਾਂਟ) ਐਕਟਿਵ ਹੋ ਚੁੱਕੇ ਹਨ। ਸਾਮਨੇਘਾਟ, ਅੱਸੀ ਅਤੇ ਹੋਰ ਨਾਲਿਆਂ ਦੇ ਟ੍ਰੀਟਮੇਂਟ ਲਈ 102 ਕਰੋੜ ਰੁਪਏ ਦੀ ਲਾਗਤ ਨਾਲ ਰਮੰਨਾ ਵਿੱਚ 50 ਐਮ ਐਲ ਡੀ ਸਮਰੱਥਾ ਦਾ ਐਸ ਟੀ ਵੀ ਪਲਾਂਟ ਤਿਆਰ ਹੈ। ਮੁਲਾਜ਼ਮਾਂ ਦੀ ਰਿਹਾਇਸ਼, ਸੜਕ ਤੇ ਬਿਜਲੀ ਦੇ ਖੰਭੇ ਨਹੀਂ ਲੱਗ ਸਕੇ। ਇਸ ਕਾਰਨ ਇਹ ਐਕਟਿਵ ਨਹੀਂ ਹੋ ਸਕਿਆ। ਗੰਗਾ ਵਿੱਚ ਪ੍ਰਦੂਸ਼ਣ ਰੋਕਣ ਲਈ ਸੱਤ ਕਿਲੋਮੀਟਰ ਲੰਬੇ ਸ਼ਾਹੀ ਨਾਲੇ ਦੀ ਸਫਾਈ ਦਾ ਕੰਮ ਵੀ ਦਸੰਬਰ ਤੱਕ ਪੂਰਾ ਹੋਣ ਦੀ ਸੰਭਾਵਨਾ ਹੈ।

ਗੰਗਾ ਸੇਵਕ ਪ੍ਰੋਫੇਸਰ ਵਿਜੈ ਨਾਥ ਮਿਸ਼ਰਾ ਦਾ ਕਹਿਣਾ ਹੈ ਕਿ ਸਿਰਫ਼ ਅੱਸੀ ਨਾਲੇ ਤੋਂ ਹੀ ਰੋਜ਼ ਪੰਜ ਕਰੋੜ ਲੀਟਰ ਪਾਣੀ ਪੈਂਦਾ ਹੈ, ਜੋ ਚਿੰਤਾ ਦਾ ਵਿਸ਼ਾ ਹੈ। ਸੰਕਟ ਮੋਚਨ ਫਾਊਂਡੇਸ਼ਨ ਦੇ ਸੀਨੀਅਰ ਪ੍ਰੋਫੇਸਰ ਵਿਸ਼ੰਭਰਨਾਥ ਕਹਿੰਦੇ ਹਨ ਕਿ ਦਾਅਵਾ ਕੀਤਾ ਜਾ ਰਿਹਾ ਹੈ ਕਿ 150 ਤੋਂ 200 ਐਮ ਐਲ ਡੀ ਸੀਵਰ ਦੇ ਪਾਣੀ ਨੂੰ ਟ੍ਰੀਟ ਕਰ ਛੱਡਿਆ ਜਾਂਦਾ ਹੈ, ਪਰ ਇਹ ਪਲਾਂਟ ਪੂਰਾ ਕੰਮ ਨਹੀਂ ਕਰਦੇ ਹਨ। ਰਮਨਾ ਪ੍ਰੋਜੇਕਟ ਵਿੱਚ ਦੇਰੀ ਤੇ ਗੰਗਾ ਪ੍ਰਦੂਸ਼ਣ ਕੰਟਰੋਲ ਯੂਨਿਟ ਦੇ ਕਾਰਜਾਂ ਦੀ ਮੱਠੀ ਚਾਲ ਤੋਂ ਨਾਰਾਜ਼ ਕਮਿਸ਼ਨਰ ਦੀਪਕ ਅਗ੍ਰਵਾਲ ਨੇ ਚੀਫ ਇੰਜ਼ੀਨਿਅਰ ਦੇ ਖ਼ਿਲਾਫ਼ ਕਾਰਵਾਈ ਲਈ ਰਾਜ ਸਰਕਾਰ ਨੂੰ ਲਿਖਿਆ ਹੈ। ਜਿਲ੍ਹਾ ਅਧਿਕਾਰੀ ਕੌਸ਼ਲ ਰਾਜ ਕਹਿੰਦੇ ਹਨ ਕਿ ਅੱਸੀ ਅਤੇ ਹੋਰ ਨਾਲਿਆਂ ਤੋਂ ਸੀਵਰ ਦਾ ਪਾਣੀ ਗੰਗਾ ਵਿੱਚ ਨਹੀਂ ਡਿੱਗੇਗਾ ਅਤੇ ਜੂਨ ਮੁੱਕਣ ਤੱਕ ਇਨ੍ਹਾਂ ਸਭ ਦੀ ਟੈਪਿੰਗ ਕਰ ਲਈ ਜਾਵੇਗੀ।



# ਮੇਹੁਲ ਚੋਕਸੀ ਨੂੰ ਡੋਮਿਨਿਕਾ ਕੋਰਟ ਨੇ ਜੇਲ੍ਹ ਭੇਜਿਆ

**ਨਵੀਂ ਦਿੱਲੀ।** ਡੋਮਿਨਿਕਾ ਦੀ ਇੱਕ ਅਦਾਲਤ ਨੇ ਭਾਰਤ ਦੇ ਭਗੌੜੇ ਹੀਰਾ ਕਾਰੋਬਾਰੀ ਮੇਹੁਲ ਚੋਕਸੀ ਦੀ ਸਿਹਤ ਦੀ ਖ਼ਰਾਬ ਸਥਿਤੀ ਦੇ ਬਾਵਜੂਦ ਜੇਲ ਵਿੱਚ ਭੇਜੇ ਜਾਣ ਦਾ ਆਦੇਸ਼ ਦਿੱਤਾ ਹੈ।

ਡੋਮਿਨਿਕਾ ਨਿਊਜ਼ ਆਨਲਾਈਨ ਮੁਤਾਬਕ ਕੈਰੇਬੀਅਨ ਟਾਪੂ ਵਿੱਚ ਮੈਜਿਸਟ੍ਰੇਟ ਪਰਲ ਵਿਲੀਅਮਸ ਨੇ ਆਦੇਸ਼ ਦਿੱਤਾ ਹੈ ਕਿ ਐਂਟੀਗੁਆ ਦੇ ਨਾਗਰਿਕ ਤੇ ਕਾਰੋਬਾਰੀ ਮੇਹੁਲ ਚੋਕਸੀ, ਜਿਹੜਾ ਬੈਂਕ ਧੋਖਾਧੜੀ ਲਈ ਭਾਰਤ ਨੂੰ ਲੋੜੀਂਦਾ ਹੈ, ਨੂੰ ਡੋਮਿਨਿਕਾ ਸਟੇਟ ਜੇਲ ਵਿੱਚ ਭੇਜਿਆ ਜਾਵੇ। ਡੋਮਿਨਿਕਾ ਵਿੱਚ ਗ਼ੈਰ-ਕਾਨੂੰਨੀ ਦਾਖ਼ਲੇ ਲਈ ਦੋਸ਼ੀ ਨਾ ਠਹਿਰਾਏ ਜਾਣ ਦੀ ਅਪੀਲ ਕਰਨ ਵਾਲੇ ਚੋਕਸੀ ਨੂੰ 'ਡੋਮਿਨਿਕਾ ਚਾਈਨਾ ਫ੍ਰੈਂਡਸ਼ਿਪ ਹਸਪਤਾਲ' ਵਿੱਚ ਪੁਲਸ ਹਿਰਾਸਤ ਵਿੱਚ ਭੇਜ ਦਿੱਤਾ ਗਿਆ ਸੀ, ਜਿੱਥੇ ਉਹ 29 ਮਈ ਤੋਂ ਮਰੀਜ਼ ਵਜੋਂ ਇਲਾਜ ਕਰਵਾ ਰਿਹਾ ਹੈ। ਕੱਲ੍ਹ ਚੋਕਸੀ ਨੂੰ ਅੱਗੇ ਰਿਮਾਂਡ ਲਈ ਅਦਾਲਤ ਸਾਹਮਣੇ ਪੇਸ਼ ਹੋਣ ਦੀ ਉਮੀਦ ਸੀ, ਪਰ ਉਸ ਦੇ ਵਕੀਲਾਂ ਨੇ ਅਦਾਲਤ ਵਿੱਚ ਮੈਡੀਕਲ ਰਿਪੋਰਟ ਪੇਸ਼ ਕਰ ਕੇ ਸੰਕੇਤ ਦਿੱਤਾ ਕਿ ਚੋਕਸੀ ਦੀ ਸਿਹਤ ਖ਼ਰਾਬ ਹੈ ਅਤੇ ਇਸੇ ਕਾਰਨ ਹਾਜ਼ਰ ਨਹੀਂ ਹੋ ਸਕਿਆ। ਮੈਜਿਸਟ੍ਰੇਟ ਵਿਲੀਅਮਸ ਨੇ ਚੋਕਸੀ ਨੂੰ ਸੂਬਾ ਜੇਲ ਵਿੱਚ ਰਿਮਾਂਡ ਉੱਤੇ ਲੈਣ ਦਾ ਆਦੇਸ਼ ਦਿੱਤਾ। ਇਸ ਫ਼ੈਸਲੇ ਤੋਂ ਨਾਰਾਜ਼ ਚੋਕਸੀ ਦੇ ਤਿੰਨ ਵਕੀਲਾਂ ਜੂਲੀਅਨ ਪ੍ਰੀਵੋਸਟ, ਜੇਨਾ ਮੂਰ-ਡਾਇਰ ਅਤੇ ਜੀਨਾ ਡਾਇਰ-ਮੁਨਰੋ ਨੇ ਇਤਰਾਜ਼ ਪ੍ਰਗਟਾਇਆ ਕਿ ਉਨ੍ਹਾਂ ਦੇ ਕਲਾਈਂਟ ਦੀ ਸਥਿਤੀ ਖ਼ਰਾਬ ਹੈ ਅਤੇ ਉਨ੍ਹਾਂ ਨੂੰ ਰਿਮਾਂਡ ਉੱਤੇ ਲੈਣ ਦਾ ਫ਼ੈਸਲਾ ਸਹੀ ਨਹੀਂ ਹੈ। ਬਹਿਸ ਦੇ ਬਾਵਜੂਦ ਮੈਜਿਸਟ੍ਰੇਟ ਵਿਲੀਅਮਸ ਆਪਣੇ ਫ਼ੈਸਲੇ ਉੱਤੇ ਅਡਿਗ ਰਹੀ ਤੇ ਕਿਹਾ ਕਿ ਉਨ੍ਹਾਂ ਦਾ ਆਦੇਸ਼ ਕਾਇਮ ਰਹੇਗਾ।



# ਵਿਧਾਇਕ ਸਮੇਤ 21 ਕੌਂਸਲਰਾਂ ਵੱਲੋਂ ਨਗਰ ਕੌਂਸਲ ਦੀ ਚੋਣ ਗੈਰ-ਸੰਵਿਧਾਨਿਕ ਕਰਾਰ : ਸੰਧੂ

## ਆਖਿਆ! ਕੋਟਕਪੂਰੇ ਦੇ ਇਤਿਹਾਸ 'ਚ ਪਹਿਲਾਂ ਕਦੇ ਵੀ ਨਹੀਂ ਵਾਪਰੀ ਅਜਿਹੀ ਘਟਨਾ

**ਕੋਟਕਪਰਾ।** ਸੱਤਾਧਾਰੀ ਧਿਰ ਕਾਂਗਰਸ ਪਾਰਟੀ ਭਾਵੇਂ ਅੰਦਰੂਨੀ ਫੁੱਟ ਅਰਥਾਤ ਧੜੇਬੰਦੀ ਨੂੰ ਲੱਖ ਪਰਦੇ ਪਾ ਕੇ ਛੁਪਾਉਣ ਦੀ ਕੌਸ਼ਿਸ਼ ਕਰੇ ਪਰ ਬੀਤੇ ਕੱਲ ਨਗਰ ਕੌਂਸਲ ਦੀ ਪ੍ਰਧਾਨਗੀ ਦੇ ਅਹੁਦੇ ਲਈ ਹੋਣ ਵਾਲੀ ਚੋਣ ਮੌਕੇ ਸਪੱਸ਼ਟ ਹੋ ਗਿਆ ਹੈ ਕਿ ਕਾਂਗਰਸ ਪਾਰਟੀ ਦੇ ਦੋ ਧੜੇ ਆਹਮੋ-ਸਾਹਮਣੇ ਮੈਦਾਨ 'ਚ ਡੱਟ ਚੁੱਕੇ ਹਨ। ਆਉਣ ਵਾਲੇ ਦਿਨਾਂ 'ਚ ਕੋਟਕਪੂਰੇ ਦੀ ਸਿਆਸਤ ਹੋਰ ਗਰਮਾ ਸਕਦੀ ਹੈ। ਕਾਂਗਰਸ ਪਾਰਟੀ ਦੇ ਜ਼ਿਲਾ ਪ੍ਰਧਾਨ ਅਜੈਪਾਲ ਸਿੰਘ ਸੰਧੂ ਨੇ ਦੱਸਿਆ ਕਿ ਹਲਕਾ ਵਿਧਾਇਕ ਕੁਲਤਾਰ ਸਿੰਘ ਸੰਧਵਾਂ ਸਮੇਤ ਨਗਰ ਕੌਂਸਲ ਦੇ 21 ਕੌਂਸਲਰਾਂ ਨੇ ਇਕੱਠੇ ਹੋ ਕੇ ਪ੍ਰਸ਼ਾਸ਼ਨ ਵਲੋਂ ਕਰਵਾਈ ਗਈ ਸੀਨੀਅਰ ਮੀਤ ਪ੍ਰਧਾਨ ਤੇ ਜੂਨੀਅਰ ਮੀਤ ਪ੍ਰਧਾਨ ਦੀ ਚੋਣ ਨੂੰ ਗ਼ਲਤ ਅਤੇ ਗ਼ੈਰ-ਸੰਵਿਧਾਨਿਕ ਕਰਾਰ ਦਿੰਦਿਆਂ ਇਸ ਨੂੰ ਸਰਕਾਰੀ ਧੱਕੇਸ਼ਾਹੀ ਕਰਾਰ ਦਿੱਤਾ ਹੈ। ਕਾਂਗਰਸੀ ਕੌਂਸਲਰਾਂ ਨੇ ਦੋਸ਼ ਲਾਇਆ ਕਿ ਉਨਾਂ ਨੂੰ ਪੁਲੀਸ ਅਤੇ ਸਰਕਾਰੀ ਤਾਕਤਾਂ ਨੇ ਡਰਾ-ਧਮਕਾ ਕੇ ਚੋਣ ਪ੍ਰਕਿਰਿਆ 'ਚ ਸ਼ਾਮਲ ਨਾ ਹੋਣ ਦਿੱਤਾ। ਸ੍ਰ. ਸੰਧੂ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਇਕ ਪਾਸੇ 21 ਕੌਂਸਲਰ ਤੇ ਦੂਜੇ ਪਾਸੇ 8 ਕੌਂਸਲਰ ਹੋਣ ਦੇ ਬਾਵਜੂਦ ਸਰਕਾਰੀ ਦਬਾਅ ਨਾਲ ਵਿਰੋਧੀ ਧੜਾ ਆਪਣੇ ਮਨਸੂਬਿਆਂ 'ਚ ਕਾਮਯਾਬ ਹੋ ਕੇ ਲੋਕਾਂ ਦਾ ਸਾਹ ਘੁੱਟਣਾ ਚਾਹੁੰਦਾ ਹੈ। ਸ੍ਰ. ਸੰਧੂ ਨੇ ਦੱਸਿਆ ਕਿ ਪ੍ਰਧਾਨਗੀ ਦੀ ਚੋਣ ਦਾ ਮਾਮਲਾ ਹਾਈਕੋਰਟ 'ਚ ਚੱਲ ਰਿਹਾ ਹੈ। ਕੌਂਸਲਰਾਂ ਵੱਲੋਂ ਇਸ ਸਰਕਾਰੀ ਧੱਕੇਸ਼ਾਹੀ ਦੇ ਵਿਰੋਧ 'ਚ ਹਾਈਕੋਰਟ ਦਾ ਦਰਵਾਜਾ ਖੜਕਾਇਆ ਜਾਵੇਗਾ। ਉਨਾਂ ਨੂੰ ਉਮੀਦ ਹੈ ਕਿ ਜਲਦੀ ਤੋਂ ਜਲਦੀ ਇਹ ਚੋਣ ਰੱਦ ਹੋਵੇਗੀ। ਉਂਝ ਉਨਾਂ ਦੱਸਿਆ ਕਿ ਨਗਰ ਕੌਂਸਲ ਕੋਟਕਪੂਰਾ ਦੇ ਇਤਿਹਾਸ ਵਿੱਚ ਅਜਿਹੀ ਧੱਕੇਸ਼ਾਹੀ ਵਾਲੀ ਸ਼ਰਮਨਾਕ ਘਟਨਾ ਪਹਿਲਾਂ ਕਦੇ ਨਹੀਂ ਵਾਪਰੀ। ਇਸ ਮੌਕੇ ਉਨਾ ਨਾਲ ਕੁੱਕੀ ਚੋਪੜਾ, ਸ਼ੈਲੀ ਭਲਵਾਨ ਸਮੇਤ ਹੋਰ ਵੀ ਕਾਂਗਰਸੀ ਵਰਕਰ ਹਾਜਰ ਸਨ।



# ਮੂਲ ਨਾਨਕਸ਼ਾਹੀ ਕੈਲੰਡਰ ਮੁਤਾਬਿਕ ਮਨਾਇਆ ਗੁਰੂ ਜੀ ਦਾ ਸ਼ਹੀਦੀ ਦਿਹਾੜਾ





**ਕੋਟਕਪੂਰਾ।** ਮੂਲ ਨਾਨਕਸ਼ਾਹੀ ਕੈਲੰਡਰਮੁਤਾਬਿਕ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਨੇੜਲੇ ਪਿੰਡ ਦਬੜੀਖਾਨਾ ਵਿਖੇ ਠੰਡੇ-ਮਿੱਠੇਪਾਣੀ ਦੀ ਛਬੀਲ ਲਾ ਕੇ ਸੰਗਤਾਂ ਨੂੰ ਗੁਰੂ ਸਾਹਿਬਾਨ ਦੇ ਫਲਸਫੇ ਨਾਲ ਜੁੜਨ ਦੀ ਅਪੀਲ ਕੀਤੀ ਗਈ। ਸੇਵਾਮੁਕਤਅਧਿਆਪਕ ਜਗਤਾਰ ਸਿੰਘ ਦਬੜੀਖਾਨਾ ਨੇ ਦੱਸਿਆ ਕਿ ਨਗਰ ਵਾਸੀਆਂ ਦੇ ਸਹਿਯੋਗ ਨਾਲ ਹਰ ਸਾਲ ਗੁਰੂਸਾਹਿਬਾਨ ਦਾ ਸ਼ਹੀਦੀ ਦਿਹਾੜਾ ਮੂਲ ਨਾਨਕਸ਼ਾਹੀ ਕੈਲੰਡਰ ਮੁਤਾਬਿਕ ਹੀ ਮਨਾਇਆ ਜਾਂਦਾ ਹੈ। ਉਨਾਂਦੱਸਿਆ ਕਿ ਨਗਰ ਵਾਸੀ ਗੁਰੂ ਸਾਹਿਬਾਨ ਦੇ ਗੁਰਪੁਰਬ ਅਤੇ ਇਤਿਹਾਸਿਕ ਦਿਹਾੜੇ ਮਨਾਉਣ ਮੌਕੇ ਮੂਲਨਾਨਕਸ਼ਾਹੀ ਕੈਲੰਡਰ ਨੂੰ ਹੀ ਮਹੱਤਤਾ ਦਿੰਦੇ ਹਨ। ਉਨਾ ਦੱਸਿਆ ਕਿ ਕੋਠੇ ਮਹਿਲੜ ਦੇ ਬੱਸ ਅੱਡੇ ਕੋਲਲਾਈ ਗਈ ਠੰਡੇ ਮਿੱਠੇ ਪਾਣੀ ਦੀ ਛਬੀਲ ਦੌਰਾਨ ਜਿੱਥੇ ਵਾਹਨ ਚਾਲਕਾਂ, ਰਾਹਗੀਰਾਂ ਅਤੇ ਆਮ ਲੋਕਾਂ ਨੂੰਗੁਰੂ ਸਾਹਿਬਾਨ ਦੀ ਸ਼ਹੀਦੀ ਤੋਂ ਜਾਣੂ ਕਰਵਾਉਣ ਮੌਕੇ ਨਿਮਰਤਾ, ਦਇਆ, ਸੱਚ, ਸਹਿਜ, ਸੰਤੋਖ ਅਤੇਧੀਰਜ ਦੇ ਅਰਥ ਵੀ ਦੱਸੇ ਗਏ, ਉੱਥੇ ਸਿੱਖ ਇਤਿਹਾਸ ਸਬੰਧੀ ਬੱਚਿਆਂ ਨੂੰ ਜੰਤਰੀਆਂ ਵੀ ਵੰਡੀਆਂਗਈਆਂ। ਉਨਾਂ ਦੱਸਿਆ ਕਿ ਇਸ ਮੌਕੇ ਸਿੱਖ ਇਤਿਹਾਸ ਬਾਰੇ ਢਾਡੀ ਦੀਆਂ ਵਾਰਾਂ ਵੀ ਸੁਣਾਈਆਂਗਈਆਂ। ਰਾਹ ਜਾਂਦੇ ਵਾਹਨ ਚਾਲਕਾਂ ਨੇ ਠੰਡਾ ਮਿੱਠਾ ਪਾਣੀ ਪੀ ਕੇ ਗਰਮੀ ਤੋਂ ਰਾਹਤ ਮਹਿਸੂਸ ਕੀਤੀ। ਇਸ ਮੌਕੇ ਉਪਰੋਕਤ ਤੋਂ ਇਲਾਵਾ ਕਾਕਾ ਜਸਵੀਰ ਸਿੰਘ, ਬਲਕਰਨ ਸਿੰਘ, ਯਾਦਵਿੰਦਰ ਸਿੰਘ, ਅਜੈਸਿੰਘ, ਗੁਰਜੰਟ ਸਿੰਘ, ਸੁਖਪ੍ਰੀਤ ਸਿੰਘ, ਸੁਖਰਾਜ ਸਿੰਘ, ਗੁਰਾ ਸਿੰਘ, ਬਲਜੀਤ ਸਿੰਘ ਆਦਿ ਦਾ ਵੀਭਰਪੂਰ ਰਿਹਾ।

# ਗੁੱਡ ਮੌਰਨਿੰਗ ਕਲੱਬ ਦੇ ਗਵਰਨਿੰਗ ਕੌਂਸਲ ਮੈਂਬਰਾਂ ਦੀ ਮੀਟਿੰਗ ਦੌਰਾਨ ਵਿਚਾਰ ਵਟਾਂਦਰਾ

**ਕੋਟਕਪੂਰਾ।।** ਸ਼ਹਿਰ ਵਾਸੀਆਂ ਨੂੰ ਆਉਂਦੀਆਂ ਮੁਸ਼ਕਿਲਾਂ ਤੇ ਸਮੱਸਿਆਵਾਂ ਦੂਰ ਕਰਨ ਲਈ ਯਤਨਸ਼ੀਲ ਸੰਸਥਾ ਗੁੱਡ ਮੌਰਨਿੰਗ ਵੈੱਲਫੇਅਰ ਕਲੱਬ ਦੇ ਨਵੇਂ ਸਾਲ ਲਈ ਨਵੀਂ ਕਾਰਜਕਾਰਨੀ ਦੀ ਚੋਣ ਵਾਸਤੇ 4 ਜੁਲਾਈ ਦਿਨ ਐਤਵਾਰ ਸਵੇਰੇ 7:00 ਵਜੇ ਦਾ ਸਮਾਂ ਨਿਸ਼ਚਿਤ ਕੀਤਾ ਗਿਆ ਹੈ। ਸਥਾਨਕ ਫਰੀਦਕੋਟ ਸੜਕ 'ਤੇ ਸਥਿੱਤ ਬਾਬਾ ਫਰੀਦ ਨਰਸਿੰਗ ਕਾਲਜ ਵਿਖੇ ਪ੍ਰਧਾਨ ਗੁਰਬਚਨ ਸਿੰਘ ਟੋਨੀ ਦੀ ਅਗਵਾਈ ਹੇਠ ਗਵਰਨਿੰਗ ਕੌਂਸਲ ਮੈਂਬਰਾਂ ਦੀ ਹੋਈ ਮੀਟਿੰਗ ਦੌਰਾਨ ਖਜਾਨਚੀ ਜਸਕਰਨ ਸਿੰਘ ਭੱਟੀ ਨੂੰ ਪਿਛਲੇ ਦੋ ਸਾਲਾਂ ਦਾ ਆਮਦਨ ਅਤੇ ਖਰਚ ਦਾ ਵੇਰਵਾ ਦਿੱਤਾ, ਜਿਸ ਨੂੰ ਸਰਬਸੰਮਤੀ ਨਾਲ ਪ੍ਰਵਾਨਗੀ ਦਿੰਦਿਆਂ ਜਸਕਰਨ ਸਿੰਘ ਭੱਟੀ ਵੱਲੋਂ ਨਿਭਾਈਆਂ ਸੇਵਾਵਾਂ ਦੀ ਪ੍ਰਸੰਸਾ ਕੀਤੀ ਗਈ। ਸੰਸਥਾ ਦੇ ਚੇਅਰਮੈਨ ਡਾ ਮਨਜੀਤ ਸਿੰਘ ਢਿੱਲੋਂ ਅਤੇ ਮੁੱਖ ਸਲਾਹਕਾਰ ਕੁਲਤਾਰ ਸਿੰਘ ਸੰਧਵਾਂ ਨੇ ਸੁਝਾਅ ਦਿੱਤਾ ਕਿ ਅਗਾਮੀ ਚੋਣ ਸਰਬਸੰਮਤੀ ਨਾਲ ਹੋਣੀ ਯਕੀਨੀ ਬਣਾਈ ਜਾਵੇ। ਕਲੱਬ ਦੇ ਜਨਰਲ ਸਕੱਤਰ ਪ੍ਰੋ. ਹਰਬੰਸ ਸਿੰਘ ਪਦਮ ਨੇ ਦੱਸਿਆ ਕਿ ਚੋਣ ਕਰਵਾਉਣ ਲਈ ਨਿਗਰਾਨ ਵਜੋਂ ਮੁਖਤਿਆਰ ਸਿੰਘ ਮੱਤਾ, ਰਮੇਸ਼ ਸਿੰਘ ਗੁਲਾਟੀ, ਡਾ. ਦੇਵ ਰਾਜ, ਸੁਪਰਡੈਂਟ ਸੁਰਿੰਦਰ ਸਿੰਘ ਸਦਿਉੜਾ, ਗੁਰਿੰਦਰ ਸਿੰਘ ਮਹਿੰਦੀਰੱਤਾ 'ਤੇ ਅਧਾਰਿਤ ਪੰਜ ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ। ਵਿਨੋਦ ਕੁਮਾਰ ਬਾਂਸਲ (ਪੱਪੂ ਲਹੌਰੀਆ), ਮਾਸਟਰ ਸੋਮਨਾਥ ਅਰੋੜਾ ਅਤੇ ਸੁਰਿੰਦਰ ਸਿੰਘ ਛਿੰਦਾ ਨੇ ਦੱਸਿਆ ਕਿ ਪ੍ਰਧਾਨਗੀ ਦੇ ਅਹੁਦੇ ਲਈ ਚਾਹਵਾਨ ਸੱਜਣ 30 ਜੂਨ ਤੱਕ ਡਾ ਮਨਜੀਤ ਸਿੰਘ ਢਿੱਲੋਂ ਨੂੰ ਆਪਣੀਆਂ ਅਰਜੀਆਂ ਸੌਂਪ ਸਕਦੇ ਹਨ।



# ਸ਼ਹੀਦ-ਏ-ਆਜ਼ਮ ਸ੍ਰ. ਭਗਤ ਸਿੰਘ ਜਰਨਲਿਸਟ ਐਸੋਸੀਏਸ਼ਨ ਦਾ ਗਠਨ

## ਗੁਰਬਚਨ ਸਿੰਘ ਸੋਨੂੰ ਬਣੇ ਵਾਇਸ ਪ੍ਰਧਾਨ ਪੰਜਾਬ

**ਫਿਰੋਜ਼ਪੁਰ (ਅਸ਼ੋਕ ਭਾਰਦਵਾਜ )** ਪੱਤਰਕਾਰਾਂ ਦੇ ਹੱਕਾ ਦੀ ਰਾਖੀ ਕਰਨ ਅਤੇ ਫੀਲਡ ਵਿੱਚ ਕੰਮ ਕਰਨ ਵਾਲੇ ਪੱਤਰਕਾਰਾਂ ਨੂੰ ਦਰਪੇਸ਼ ਆ ਰਹੀਆ ਮੁਸ਼ਕਿਲਾਂ ਦੇ ਹਲ ਲਈ ਅੱਜ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਧੰਨ ਧੰਨ ਸ੍ਰੀ ਗੁਰੂ ਰਾਮਦਾਸ ਜੀ ਦੀ ਮਿਹਰ ਸਦਕਾ ਸ਼ਹੀਦ-ਏ-ਆਜਮ ਸ੍ਰ: ਭਗਤ ਸਿੰਘ ਜਰਨਲਿਸਟ ਐਸੋਸੀਏਸ਼ਨ ਦਾ ਗਠਨ ਕੀਤਾ ਗਿਆ । ਇਸ ਮੌਕੇ ਮਾਤਾ ਕੌਲਾਂ ਜੀ ਭਲਾਈ ਕੇਂਦਰ ਟਰੱਸਟ ਅੰਮ੍ਰਿਤਸਰ ਵਿਖੇ ਸੁਖਮਨੀ ਸਾਹਿਬ ਜੀ ਦਾ ਪਾਠ ਕਰਵਾਇਆ ਗਿਆ। ਇਸ ਮੌਕੇ ਐਸੋਸ਼ੀਏਸ਼ਨ ਦੇ ਪੰਜਾਬ ਅਹੁੱਦੇਦਾਰਾਂ ਅਤੇ ਜਿਲ੍ਹਾ ਯੂਨਿਟਾਂ ਦਾ ਐਲਾਨ ਕੀਤਾ ਗਿਆ। ਜਿਸ ਵਿੱਚ ਚੇਅਰਮੈਨ ਰਮੇਸ਼ ਰਾਮ-ਪੁਰਾ, ਸੀਨੀਅਰ ਵਾਇਸ ਚੇਅਰਮੈਨ ਬਿਕਰਮ ਸਿੰਘ ਗਿੱਲ, ਵਾਇਸ ਚੇਅਰਮੈਨ ਦਲਬੀਰ ਸਿੰਘ ਭਰੋਵਾਲ, ਪੰਜਾਬ ਪ੍ਰਧਾਨ ਰਣਜੀਤ ਸਿੰਘ ਮਸੌਣ ,ਮੀਤ ਪ੍ਰਧਾਨ ਗੁਰਚਰਨ ਸਿੰਘ ਸੋਨੂੰ, ਮੀਤ ਪ੍ਰਧਾਨ ਰਜਨੀਸ਼ ਕੌਸ਼ਲ, ਜਨਰਲ ਸਕੱਤਰ ਹਰਪ੍ਰੀਤ ਸਿੰਘ ਜੱਸੋਵਾਲ, ਜਨਰਲ ਸਕੱਤਰ ਜੋਗਾ ਸਿੰਘ, ਖਜਾਨਚੀ ਹਰੀਸ਼ ਸੂਰੀ,ਜਿਲ੍ਹਾ ਅੰਮ੍ਰਿਤਸਰ ਦੇ ਚੇਅਰਮੈਨ ਹਰਪਾਲ ਸਿੰਘ, ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਤੋ ਸੀਨੀਅਰ ਵਾਇਸ ਪ੍ਰਧਾਨ ਜਸਵਿੰਦਰ ਪਾਲ ਰਤਨ, ਜਿਲ੍ਹਾ ਫਿਰੋਜ਼ਪੁਰ ਤੋ ਸੀਨੀਅਰ ਵਾਇਸ ਪ੍ਰਧਾਨ ਅਮਿਤ ਵਰਮਾ ਅਤੇ ਜਿਲ੍ਹਾ ਸ੍ਰੀ ਮੁਕਤਸਰ ਸਾਹਿਬ ਤੋ ਅਮੀਸ਼ਾ ਸਫਰੀ ਅਹੁਦੇਦਾਰ ਐਲਾਨਿਆ ਗਿਆ । ਇਸ ਮੌਕੇ ਚੇਅਰਮੈਨ ਰਮੇਸ਼ ਰਾਮਪੁਰਾ, ਪ੍ਰਧਾਨ ਰਣਜੀਤ ਸਿੰਘ ਮਸੌਣ, ਅਤੇ ਜਨਰਲ ਸਕੱਤਰ ਹਰਪ੍ਰੀਤ ਸਿੰਘ ਜੱਸੋਵਾਲ ਨੇ ਪ੍ਰੈਸ ਕਾਨਫਰੰਸ ਦੌਰਾਨ ਦੱਸਿਆ ਕਿ ਪੱਤਰਕਾਰਾਂ ਦੇ ਸਹਿਯੋਗ ਨਾਲ ਜੋ ਅੱਜ ਸ਼ਹੀਦ-ਏ-ਆਜਮ ਸ੍ਰ. ਭਗਤ ਸਿੰਘ ਜਰਨਲਿਸਟ ਐਸੋਸੀਏਸ਼ਨ ਦਾ ਗਠਨ ਕੀਤਾ ਗਿਆ ਗਿਆ ਹੈ ਉਸ ਦਾ ਮੁੱਖ ਮੰਤਵ ਪੱਤਰਕਾਰਾਂ ਦੇ ਹਿੱਤਾਂ ਦੀ ਰਾਖੀ ਕਰਨਾ ਹੈ। ਪ੍ਰਧਾਨ ਰਣਜੀਤ ਸਿੰਘ ਮਸੌਣ ਨੇ ਕਿਹਾ ਕਿ ਪੰਜਾਬ ਲੋਕ ਸੰਪਰਕ ਵਿਭਾਗ ਵੱਲੋਂ ਜੋ ਸੋਸ਼ਲ ਮੀਡੀਆ ਦੇ ਪੱਤਰਕਾਰਾਂ ਨਾਲ ਜੋ ਮਤਰੇਆ ਵਤੀਰਾ ਅਪਣਾਇਆ ਜਾਂ ਰਿਹਾ ਹੈ। ਉਸ ਖਿਲਾਫ਼ ਵੀ ਸੰਘਰਸ਼ ਕੀਤਾ ਜਾਵੇਗਾ। ਪ੍ਰਧਾਨ ਰਣਜੀਤ ਸਿੰਘ ਮਸੌਣ ਨੇ ਕਿਹਾ ਕਿ ਪੱਤਰਕਾਰੀ ਦੇ ਖੇਤਰ ਵਿਚ ਕੁੱਝ ਲੋਕ ਵੀ ਹਨ। ਜੋ ਆਪਣੇ ਜ਼ਾਤੀ ਫ਼ਾਇਦੇ ਲਈ ਪੱਤਰਕਾਰਾਂ ਨੂੰ ਗੁੰਮਰਾਹ ਕਰਦੇ ਹਨ। ਅਜਿਹੇ ਲੋਕਾਂ ਨੂੰ ਵੀ ਜਲਦ ਬੇਨਕਾਬ ਕੀਤਾ ਜਾਵੇਗਾ ।ਇਸ ਮੌਕੇ ਪੱਤਰਕਾਰ ਧਰਵਿੰਦਰ ਸਿੰਘ ਔਲਖ, ਹਰਦੀਪ ਸਿੰਘ ਖੀਵਾ, ਰਾਜਵਿੰਦਰ ਸਿੰਘ ਹੁੰਦਲ, ਸੋਨੂੰ ਨਰੂਲਾ, ਜੋਗਿੰਦਰ ਜੋੜਾ,ਅਮੀਸ਼ਾ ਸਫਰੀ , ਸਤਨਾਮ ਸਿੰਘ ਲੋਪੋਕੇ, ਸ਼ੁਬੇਗ ਸਿੰਘ ਸੋਨਾ, ਦਿਲਬਾਗ ਸਿੰਘ ਜ਼ਲ੍ਹਿਾ ਪ੍ਰਧਾਨ ਤਰਨ ਤਾਰਨ, ਡੈਨੀ ਪਹਿਲਵਾਨ, ਜਸਬੀਰ ਸਿੰਘ ਭੋਲਾ, ਵਿਸ਼ਾਲ ਸ਼ਰਮਾ ਰਣਜੀਤ ਸਿੰਘ, ਗੁਰਪ੍ਰੀਤ ਸਿੰਘ, ਅੰਮ੍ਰਿਤਪਾਲ ਸਿੰਘ, ਰਮਨ ਵੋਹਰਾ, ਸੁਰਿੰਦਰ ਵਿਰਕ, ਦੀਪਕ ਭਾਰਗੋ, ਗੁਰਮੇਲ ਵਾਰਵਲ, ਗੁਰਪ੍ਰੀਤ ਸਿੰਘ ਭੁੱਲਰ, ਕੁਲਭੂਸ਼ਨ ਕੁਮਾਰ ਗੁਪਤਾ ਉਰਫ ਕੇ ਕੇ ਗੁਪਤਾ, ਗੁਰਮੀਤ ਸਿੰਘ ਉਰਫ ਸੋਨੂੰ ਅਤੇ ਪ੍ਰੇਮ ਨਾਥ ਸ਼ਰਮਾ ਆਦਿ ਪੱਤਰਕਾਰ ਹਾਜ਼ਰ ਸਨ।



# 45 ਦਿਨਾ ਦੇ ਕੋਰਸ ਮੁਕੰਮਲ ਹੋਣ ਉਪਰੰਤ ਲੜਕੀਆਂ ਅਤੇ ਔਰਤਾਂ ਨੂੰ ਦਿੱਤੀਆਂ ਸਿਲਾਈ ਮਸ਼ੀਨਾ

**ਕੋਟਕਪੂਰਾ।** ਸਮਾਜ ਸੇਵਾ ਦੇ ਖੇਤਰ ਵਿੱਚ ਇੱਥੋਂ ਦੇ ਸਮਾਜਸੇਵੀ ਸਮੇਂ ਸਮੇਂ ਹਰ ਤਰਾਂ ਦੇ ਲੋੜਵੰਦ ਪਰਿਵਾਰਾਂ ਦੀ ਮੱਦਦ ਕਰਨ ਦੇ ਉਪਰਾਲੇ ਕਰਦੇ ਰਹਿੰਦੇ ਹਨ। ਕਿਸੇ ਲੋੜਵੰਦ ਦੇ ਇਲਾਜ ਲਈ ਦਵਾਈਆਂ, ਮਾਇਕ ਮੱਦਦ, ਹੁਸ਼ਿਆਰ ਵਿਦਿਆਰਥੀਆਂ ਦੀਆਂ ਫੀਸਾਂ, ਲੋੜਵੰਦਾਂ ਨੂੰ ਰਾਸ਼ਨ ਮੁਹੱਈਆ ਕਰਵਾਉਣ ਵਰਗੀਆਂ ਸੇਵਾਵਾਂ ਦੇ ਕਾਰਜਾਂ ਵਿੱਚ ਹਰ ਜਥੇਬੰਦੀ ਪੂਰੀ ਤਨਦੇਹੀ ਨਾਲ ਆਪਣਾ ਬਣਦਾ ਯੋਗਦਾਨ ਪਾਉਂਦੀ ਹੈ। ਇਲਾਕੇ ਦੇ ਨਾਮਵਰ ਸਮਾਜਸੇਵੀ ਸੰਸਥਾ ਯੂਨਾਈਟਿਡ ਸ਼ੋਸ਼ਲ ਆਰਗੇਨਾਈਜੇਸ਼ਨ ਨੇ ਬਾਬੇ ਨਾਨਕ ਦੇ ਫਲਸਫੇ ਮੁਤਾਬਿਕ 'ਕਿਰਤ ਕਰੋ' ਪ੍ਰੋਜੈਕਟ ਤਹਿਤ ਅੰਗਹੀਣ ਲੜਕੀਆਂ ਤੇ ਔਰਤਾਂ ਨੂੰ 45 ਦਿਨ ਦੀ ਸਿਲਾਈ ਦੀ ਟ੍ਰੇਨਿੰਗ ਦੇਣ ਤੋਂ ਬਾਅਦ ਸਬੰਧਤ ਸਿੱਖਿਆਰਥਣਾ ਨੂੰ ਇਕ ਇਕ ਸਿਲਾਈ ਮਸ਼ੀਨ ਵੀ ਮੁਹੱਈਆ ਕਰਵਾਈ ਗਈ। ਇਸ ਮੌਕੇ ਵਿਸ਼ੇਸ਼ ਮਹਿਮਾਨਾ ਦੇ ਤੌਰ 'ਤੇ ਪੁੱਜੇ ਹਰਵਿੰਦਰ ਸਿੰਘ ਬਿੱਟਾ ਐੱਮ.ਡੀ. ਗੋਬਿੰਦ ਐਗਰੀਕਲਚਰ ਵਰਕਸ ਅਤੇ ਅਕਾਸ਼ਦੀਪ ਸਿੰਘ ਐੱਮ.ਡੀ. ਦੇਵ ਬ੍ਰਦਰਜ਼ ਨੇ ਦੱਸਿਆ ਕਿ ਸਿੱਖਿਅਤ ਹੋ ਚੁੱਕੀਆਂ ਭੈਣਾ ਸਿਲਾਈ ਮਸ਼ੀਨ ਮੁਫਤ ਵਿੱਚ ਮਿਲਣ ਉਪਰੰਤ ਆਪਣੇ ਪਰਿਵਾਰ ਨੂੰ ਆਰਾਮ ਨਾਲ ਪਾਲ ਸਕਦੀਆਂ ਹਨ। ਕਿਉਂਕਿ ਇਸ ਨਾਲ ਇਕ ਪਰਿਵਾਰ ਨੂੰ ਰੁਜਗਾਰ ਮਿਲਣਾ ਸੁਭਾਵਿਕ ਹੈ। ਸਮਾਗਮ ਦੀ ਪ੍ਰਧਾਨਗੀ ਕਰਦਿਆਂ ਚਨਾਬ ਗਰੁੱਪ ਆਫ ਐਜੂਕੇਸ਼ਨ ਦੇ ਸੰਚਾਲਕ ਬਲਜੀਤ ਸਿੰਘ ਖੀਵਾ ਨੇ ਆਖਿਆ ਕਿ ਅੱਜ ਦੇ ਸਮੇਂ ਵਿੱਚ ਜੋ ਵੀ ਕੋਈ ਅੰਗਹੀਣ ਹੈ, ਉਹ ਖੁਦ ਨੂੰ ਕਿਸੇ ਤੋਂ ਘੱਟ ਨਾ ਸਮਝੇ। ਕਿਉਂਕਿ ਸਰੀਰਕ ਪੱਖੋਂ ਅੰਗਹੀਣ ਲੋਕਾਂ ਨੇ ਸਮਾਜ ਵਿੱਚ ਹਮੇਸ਼ਾਂ ਉਹ ਕੰਮ ਕਰਕੇ ਦਿਖਾ ਦਿੱਤੇ ਹਨ, ਜੋ ਤੰਦਰੁਸਤ ਸਰੀਰ ਵਾਲਾ ਵਿਅਕਤੀ ਕਰਨ ਤੋਂ ਅਸਮਰੱਥ ਹੈ। ਉਨਾਂ ਸਾਰੀਆਂ ਭੈਣਾ ਨੂੰ ਵਧਾਈ ਦਿੰਦਿਆਂ ਆਪਣੀ ਕਿਰਤ ਦੇ ਮਿਸ਼ਨ ਨੂੰ ਪੂਰਾ ਕਰਨ ਲਈ ਸ਼ੁੱਭਕਾਮਨਾਵਾਂ ਵੀ ਦਿੱਤੀਆਂ। ਯੂਐਸਓ ਦੇ ਸੰਸਥਾਪਕ ਗੁਰਪ੍ਰੀਤ ਸਿੰਘ ਕਾਕਾ ਨੇ ਆਖਿਆ ਕਿ ਅਸੀਂ ਆਪਣੀਆਂ ਭੈਣਾ ਲਈ ਬਹੁਤ ਹੀ ਵੱਡੇ ਸੁਪਨੇ ਸੰਝੋਏ ਹਨ। ਜੋ ਕਿ ਆਉਣ ਵਾਲੇ ਦਿਨਾ ਵਿੱਚ ਪੂਰੇ ਕਰਨ ਲਈ ਯਤਨਸ਼ੀਲ ਰਹਾਂਗੇ। ਉਨਾਂ ਦੱਸਿਆ ਕਿ ਜਿਸ ਤਰਾਂ ਅੱਜ ਹਰ ਇਕ ਟ੍ਰੇਨਿੰਗ ਲੈਣ ਵਾਲੀ ਭੈਣ ਨੂੰ ਸਿਲਾਈ ਮਸ਼ੀਨ ਅਤੇ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ ਹੈ, ਭਵਿੱਖ ਵਿੱਚ ਵੀ ਉਨਾ ਨੂੰ ਆਪਣਾ ਕਾਰੋਬਾਰ ਚਲਾਉਣ ਜਾਂ ਪ੍ਰਾਈਵੇਟ ਨੌਕਰੀ ਦਿਵਾਉਣ ਵਿੱਚ ਆਪਣਾ ਯੋਗਦਾਨ ਪਾਉਂਦੇ ਰਹਾਂਗੇ। ਸਟੇਜ ਸੰਚਾਲਨ ਉੱਘੇ ਸਮਾਜਸੇਵੀ ਉਦੇ ਰੰਦੇਵ ਨੇ ਕੀਤਾ। ਇਸ ਸਮੇਂ ਉਪਰੋਕਤ ਤੋਂ ਇਲਾਵਾ ਹੈਂਡੀਕੈਪਟ ਐਸੋਸੀਏਸ਼ਨ ਵਲੋਂ ਜਗਤਾਰ ਸਿੰਘ ਅਤੇ ਪਵਨ ਕੁਮਾਰ ਸਮੇਤ ਅਮਨਦੀਪ ਸਿੰਘ ਘੋਲੀਆ, ਅੰਕੁਸ਼ ਬਜਾਜ, ਅਮਰਦੀਪ ਸਿੰਘ ਦੀਪਾ, ਰਮਨਦੀਪ ਘੋਲੀਆ, ਮੈਡਮ ਸੁਮਨ ਅਧਿਆਪਕਾ ਅਤੇ ਸਿੱਖਿਆਰਥਣਾ ਦੇ ਮਾਪੇ ਵੀ ਹਾਜਰ ਸਨ।



# ਫੇਕ ਸਾਈਟ ਤੋਂ ਜਨਮ ਸਰਟੀਫਿਕੇਟ ਬਣਾਉਣ ਦੇ ਮਾਮਲੇ ਵਿਚ ਕੇਸ ਦਰਜ

**ਪੰਚਕਲਾ (ਦੀਪਕ ਸਰਮਾ)** ਪੁਲਿਸ ਨੇ ਫਰਜੀ ਸਾਈਟ 'ਤੇ ਜਨਮ ਸਰਟੀਫਿਕੇਟ ਬਣਾਉਣ ਦੇ ਮਾਮਲੇ' ਚ ਸੈਕਟਰ -5 ਥਾਣੇ 'ਚ ਮਾਮਲਾ ਦਰਜ ਕੀਤਾ ਹੈ । ਪੁਲਿਸ ਹੁਣ ਇਹ ਪਤਾ ਲਗਾ ਰਹੀ ਹੈ ਕਿ ਕਿਸ ਕੰਪਿਊਟਰ ਤੋਂ ਅਤੇ ਕਿਸ ਦੀ ਇੰਟਰਨੈੱਟ ਆਈਡੀ ਤੋਂ ਫੇਕ ਸਾਈਟ ਬਣਾ ਕੇ ਸਰਟੀਫਿਕੇਟ ਤਿਆਰ ਕੀਤਾ ਗਿਆ ਹੈ । ਸੈਕਟਰ -5 ਥਾਣੇ ਦੇ ਐਸ.ਐਚ.ਓ ਲਲਿਤ ਕੁਮਾਰ ਨੇ ਦੱਸਿਆ ਕਿ ਸਿਵਲ ਸਰਜਨ ਅਤੇ ਰਜਿਸਟਰਾਰ ਵੱਲੋਂ ਜਾਅਲੀ ਸਾਈਟ ਬਣਾ ਕੇ ਫਰਜ਼ੀ ਜਨਮ ਸਰਟੀਫਿਕੇਟ ਬਣਾਉਣ ਦੀ ਸਕਾਇਤ ਦੇ ਅਧਾਰ' ਤੇ ਕੇਸ ਦਰਜ ਕੀਤਾ ਗਿਆ ਹੈ । ਸਿਹਤ ਵਿਭਾਗ ਦੀਆਂ 15 ਰਜਿਸਟਰਡ ਸਾਈਟਾਂ ਵਿਚ 4 ਜਾਅਲੀ ਸਾਈਟਾਂ 'ਤੇ ਜਨਮ ਅਤੇ ਮੌਤ ਦੇ ਸਰਟੀਫਿਕੇਟ ਬਣਾਉਣ ਦਾ ਮਾਮਲਾ 10 ਜੂਨ ਨੂੰ ਸਾਹਮਣੇ ਆਇਆ ਸੀ । ਜਿਸ ਵਿਚ ਪੰਚਕੂਲਾ ਜਲਿ ਵਿਚ 4 ਜਾਅਲੀ ਸਾਈਟਾਂ 'ਤੇ 209 ਰੇਜਿਸਟ੍ਰੇਸ਼ਨਸ ਪ੍ਰਾਪਤ ਹੋਈਆਂ ਸਨ ਅਤੇ ਜਿਨਾਂ ਵਿਚੋਂ ਦੋ ਜਨਮ ਸਰਟੀਫਿਕੇਟ ਵੀ ਜਾਰੀ ਕੀਤੇ ਗਏ ਸਨ । ਇਹ ਦੋਵੇਂ ਸਰਟੀਫਿਕੇਟ ਪੰਚਕੂਲਾ ਸੈਕਟਰ 6 ਜਨਰਲ ਹਸਪਤਾਲ ਤੋਂ ਜਾਰੀ ਕੀਤੇ ਗਏ ਸਨ, ਜਿਸ ਵਿਚ ਇਕ ਨੂੰ 1988 ਵਿਚ ਅਤੇ ਦੂਜਾ 1960 ਵਿਚ ਬੈਕ ਡੇਟ ਵਿਚ ਦਾਖਲ ਕੀਤਾ ਗਿਆ ਸੀ ।

1988 ਦੇ ਸਰਟੀਫਿਕੇਟ ਵਿਚ ਜਨਮ ਸਥਾਨ ਕੈਥਲ ਦਿਖਾਇਆ ਗਿਆ ਹੈ ਜਦੋਂ ਕਿ 1960 ਦੇ ਸਰਟੀਫਿਕੇਟ ਵਿਚ ਜਨਮ ਸਥਾਨ ਨੂੰ ਵਾਰਡ ਨੰ. 2 ਦਿਖਾਇਆ ਗਿਆ ਹੈ । ਦੋਵੇਂ ਸਰਟੀਫਿਕੇਟਾਂ ਉੱਤੇ ਡਾਕਟਰਾਂ ਦੇ ਫਰਜ਼ੀ ਸਾਈਨ ਹਨ । ਕੈਥਲ, ਟੋਹਾਣਾ ਅਤੇ ਰੋਹਤਕ ਤੋਂ ਵੀ ਜਾਅਲਸਾਜੀ ਦੇ ਮਾਮਲੇ ਸਾਹਮਣੇ ਆ ਰਹੇ ਹਨ।

# ਆਪ,ਦੀ ਸਰਕਾਰ ਆਉਣ ਤੇ ਇਲਾਕੇ ਨੂੰ ਚੰਗੀਆਂ ਸਹੂਲਤਾਂ ਦੇਣਾ ਹੀ ਹੋਵੇਗੀ ਪਹਿਲ ਕਦਮੀ -ਬੰਗੜ

## ਆਪ ਨੇਤਾ ਆਸ਼ੂ ਬੰਗੜ ਵੱਲੋਂ ਇਲਾਕੇ ਦੇ ਲੋਕਾਂ ਨਾਲ ਰਾਬਤਾ ਲਗਾਤਾਰ ਜਾਰੀ

**ਫਿਰੋਜ਼ਪੁਰ (ਅਸ਼ੋਕ ਭਾਰਦਵਾਜ )** ਜਿਵੇਂ ਹੀ ਦੋ ਹਜਾਰ ਬਾਈ ਦਾ ਚੁਣਾਵੀ ਦੰਗਲ ਨਜ਼ਦੀਕ ਆ ਰਿਹਾ ਹੈ। ਸਿਆਸੀ ਪਾਰਟੀਆਂ ਨੇ ਵੀ ਸਰਗਰਮੀਆਂ ਤੇਜ਼ ਕੀਤੀਆਂ ਹੋਈਆਂ ਹਨ । ਇਸੇ ਤਰ੍ਹਾਂ ਹੀ ਆਮ ਆਦਮੀ ਪਾਰਟੀ ਦੇ ਸੀਨੀਅਰ ਨੇਤਾ ਤੇ ਹਲਕਾ ਫ਼ਿਰੋਜ਼ਪੁਰ ਦਿਹਾਤੀ ਤੋਂ ਸੰਭਾਵੀ ਉਮੀਦਵਾਰ ਅਮਰਦੀਪ ਸਿੰਘ ਆਸ਼ੂ ਬੰਗੜ ਵੱਲੋਂ ਵੀ ਇਲਾਕੇ ਦੇ ਸੂਝਵਾਨ ਵੋਟਰਾਂ ਤੇ ਸਪੋਰਟਰਾਂ ਨਾਲ ਲਗਾਤਾਰ ਰਾਬਤਾ ਕੀਤਾ ਜਾ ਰਿਹਾ ਹੈ। ਜਾਣਕਾਰੀ ਸਾਂਝੀ ਕਰਦਿਆਂ ਬੰਗੜ ਨੇ ਕਿਹਾ ਇਲਾਕੇ ਦੇ ਲੋਕਾਂ ਵੱਲੋਂ ਬੇ ਹਤਾਸ਼ਾ ਮਿਲ ਰਹੇ ਪਿਆਰ ਤੇ ਸਤਿਕਾਰ ਦਾ ਮੈਂ ਹਮੇਸ਼ਾ ਰਿਣੀ ਰਹਾਂਗਾ ਤੇ ਉਨ੍ਹਾਂ ਕਿਹਾ ਆਮ ਆਦਮੀ ਪਾਰਟੀ ਦੀ ਸਰਕਾਰ ਆਉਣ ਤੇ ਨਸ਼ੇ ਨੂੰ ਠੱਲ੍ਹ ਪਾਉਣਾ ਤੇ ਇਲਾਕੇ ਵਿੱਚ ਚੰਗਾ ਵਿਕਾਸ ਕਰਨਾ ਆਮ ਆਦਮੀ ਪਾਰਟੀ ਦਾ ਮੁੱਖ ਏਜੰਡਾ ਹੋਵੇਗਾ। ਤੇ ਸ਼ਨੀਵਾਰ ਨੂੰ ਪਿੰਡ ਹਰਿਮੇ ਕੇ,ਛਾਂਗਾ ਖੁਰਦ ,ਸਦਰ ਕੇ , ਲੱਖਾ ਸਿੰਘ ਵਾਲਾ ,ਰਖੱਈਆਂ ਦੇ ਪਰਿਵਾਰਾਂ ਦੇ ਦੁੱਖ ਸੁੱਖ ਵਿੱਚ ਸ਼ਾਮਲ ਹੋਏ। ਇਸ ਮੌਕੇ ਉਨ੍ਹਾਂ ਨਾਲ ਅਮਨਦੀਪ ਸਿੰਘ ਧਾਲੀਵਾਲ ਨਿੱਜੀ ਸਕੱਤਰ ਆਸ਼ੂ ਬੰਗੜ, ਗੁਰਨਾਮ ਸਿੰਘ ਭੱਟੀਆ, ਬਲਰਾਜ ਸਿੰਘ ਸੰਧੂ, ਕਮਲ ਗਿੱਲ ਸੋਨੂੰ, ਅਕਾਸ਼ਦੀਪ ਬੇਟੂ ਕਦੀਮ, ਰਾਜੂ ਪੁਰੀ, ਡਾਕਟਰ ਅਵਤਾਰ ਸਿੰਘ ਰਹੀਮੇ ਕੇ, ਸੁਖਬੀਰ ਪਾਲ, ਬਖਸ਼ੀਸ਼ ਸਿੰਘ, ਕਰੀ ਕਲਾਂ, ਅਸ਼ੋਕ ਸੱਚਦੇਵਾ, ਨਿਸ਼ਾਨ ਸਿੰਘ ਪੋਜੋ ਕੇ ਤੋ ਇਲਾਵਾ ਹੋਰ ਵੀ ਪਾਰਟੀ ਵਰਕਰ ਹਾਜ਼ਰ ਸਨ।



# ਪੰਜਾਬ ਦੇ ਭਲੇ ਲਈ ਮੁੱਖ ਮੰਤਰੀ ਪੰਜਾਬ ਨੂੰ ਈ-ਮੇਲ ਕਰੋ ਅਤੇ ਕਰਵਾਉ : ਚੰਦਬਾਜਾ

**ਕੋਟਕਪੂਰਾ।** ਵਾਤਾਵਰਣ ਦੀ ਸੰਭਾਲ ਅਤੇ ਸਮੁੱਚੀ ਮਨੁੱਖਤਾ ਨੂੰ ਭਿਆਨਕ ਬਿਮਾਰੀਆਂ ਤੋਂ ਬਚਾਉਣ ਲਈ ਅਗਲੇ 10 ਸਾਲਾਂ ਵਾਸਤੇ ਪੰਜਾਬ ਵਿੱਚੋਂ ਰੁੱਖ ਪੁੱਟਣ ਉੱਤੇ ਸਖਤ ਪਾਬੰਦੀ ਲਾਉਣ ਬਾਰੇ ਮੁੱਖ ਮੰਤਰੀ ਪੰਜਾਬ ਨੂੰ ਵੱਧ ਤੋਂ ਵੱਧ ਈਮੇਲਾਂ ਕਰਨ ਅਤੇ ਕਰਵਾਉਣ ਦੇ ਉਪਰਾਲੇ ਹੋਣੇ ਚਾਹੀਦੇ ਹਨ। ਉਕਤ ਸ਼ਬਦਾਂ ਦਾ ਪ੍ਰਗਟਾਵਾ ਕਰਦਿਆਂ ਨਰੋਆ ਪੰਜਾਬ ਮੰਚ ਦੇ ਕਨਵੀਨਰ ਭਾਈ ਗੁਰਪ੍ਰੀਤ ਸਿੰਘ ਚੰਦਬਾਜਾ ਸੰਸਥਾਪਕ ਭਾਈ ਘਨੱਈਆ ਕੈਂਸਰ ਰੋਕੋ ਸੇਵਾ ਸੁਸਾਇਟੀ ਨੇ ਆਖਿਆ ਕਿ ਹਰੇਕ ਜਾਗਰੂਕ ਨਾਗਰਿਕ ਈਮੇਲ ਦੇ ਹੇਠਾਂ ਮੋਬਾਇਲ ਨੰਬਰ ਸਮੇਤ ਆਪੋ ਆਪਣਾ ਨਾਮ ਤੇ ਪਤਾ ਜਰੂਰ ਦਰਜ ਕਰੇ। ਉਨਾਂ ਦੱਸਿਆ ਕਿ ਇਸ ਸਮੇਂ ਮੁੱਖ ਮੰਤਰੀ ਪੰਜਾਬ ਦੇ ਦਫ਼ਤਰ ਦੇ ਧਿਆਨ ਵਿੱਚ ਲਿਆਉਣਾ ਜਰੂਰੀ ਹੈ ਕਿ ਪਿਛਲੇ ਕੁਝ ਸਮੇਂ ਤੋਂ ਪੰਜਾਬ ਦੇ ਗੈਰ-ਜੰਗਲਾਤ ਇਲਾਕਿਆਂ 'ਚ ਰੁੱਖਾਂ ਨੂੰ ਬੜੀ ਬੇਦਰਦੀ ਨਾਲ ਵੱਢਿਆ ਜਾ ਰਿਹਾ ਹੈ। ਵਾਤਾਵਰਣ, ਰੁੱਖਾਂ, ਪੰਛੀਆਂ ਅਤੇ ਮਨੁੱਖਤਾ ਦੇ ਵਿਰੁੱਧ ਇਸ ਤੋਂ ਵੱਡਾ ਅਪਰਾਧ ਸ਼ਾਇਦ ਹੀ ਹੋ ਸਕਦਾ ਹੋਵੇ। ਅਜਿਹੀ ਪ੍ਰਵਿਰਤੀ ਨੂੰ ਰੋਕਣ ਦੀ ਸਖਤ ਜ਼ਰੂਰਤ ਹੈ। ਕਰੋਨਾ ਵਾਇਰਸ ਦੀ ਕਰੋਪੀ ਦੇ ਸੰਕਟ ਸਮੇਂ ਦੌਰਾਨ ਆਕਸੀਜਨ ਦੀ ਅਹਿਮੀਅਤ ਦਾ ਪਤਾ ਲੱਗਿਆ ਹੈ। ਜੇਕਰ ਇਸੇ ਤਰਾਂ ਦਰੱਖਤਾਂ ਦੀ ਕਟਾਈ ਜਾਰੀ ਰਹੀ ਤਾਂ ਆਉਣ ਵਾਲਾ ਸਮਾਂ ਬਹੁਤ ਖਤਰਨਾਕ ਹੋਵੇਗਾ, ਕਿਉਂਕਿ ਪੰਜਾਬ 'ਚ ਪਹਿਲਾਂ ਹੀ ਰੁੱਖਾਂ ਦੀ ਗਿਣਤੀ ਬਹੁਤ ਘੱਟ ਹੈ। ਸਾਡਾ ਜੰਗਲਾਤ-ਖੇਤਰ ਕੁੱਲ ਖੇਤਰ ਦਾ ਕੇਵਲ 3.5 ਪ੍ਰਤੀਸ਼ਤ ਹੈ, ਜਦੋਂ ਕਿ ਕੌਮੀ ਟੀਚਾ 33 ਫੀਸਦੀ ਹੈ। ਅਜਿਹੇ ਹਾਲਾਤ 'ਚ ਰੁੱਖਾਂ ਦੇ ਬੇਲੋੜੇ ਪੁੱਟਣ ਵਿਰੁੱਧ 10 ਸਾਲਾਂ ਲਈ ਪੂਰਨ ਪਾਬੰਦੀ ਲਾਈ ਜਾਵੇ। ਸਮੂਹ ਵਾਤਾਵਰਣ ਪ੍ਰੇਮੀਆਂ ਨੂੰ ਉਮੀਦ ਹੈ ਕਿ ਮੁੱਖ ਮੰਤਰੀ ਪੰਜਾਬ ਖੁਦ ਅਤੇ ਦਫ਼ਤਰ ਨਾਲ ਸਬੰਧਤ ਸਮੂਹ ਅਧਿਕਾਰੀ ਸਮੁੱਚੇ ਸੂਬੇ ਦੇ ਲੋਕਹਿਤ 'ਚ ਉਕਤ ਬੇਨਤੀ 'ਤੇ ਗੰਭੀਰਤਾ ਨਾਲ ਵਿਚਾਰ ਜਰੂਰ ਕਰਨਗੇ।



ਭਾਈ ਗੁਰਪ੍ਰੀਤ ਸਿੰਘ ਚੰਦਬਾਜਾ



ਗੁਰਪ੍ਰੀਤ ਸਿੰਘ ਚੰਦਬਾਜਾ